P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 12 ਨਾਨਕਸ਼ਾਹੀ ਸੰਮਤ 555 ਮੱਘਰ/ਪੋਹ ਦਸੰਬਰ, 2023 ਸਾਲ 41

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥ ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥ ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥

(ਅੰਗ-੬੯੪)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)

ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0040810
SWIFT Code (FOR FOREIGN REMITTENCE) : PUNBINBBMOH

Ph.No. 0172-2913729, 98156-50812
E-mail : gurbanichanan1125@gmail.com

**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**

## ਤਤਕਰਾ

| | | |
|---|---|---|
| 1. ਆਸ ਲਗਿ ਜੀਵਉ | ਡਾ.ਪਰਮਜੀਤ ਸਿੰਘ | 03 |
| 2. ਵਹਿਮ-ਭਰਮ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 09 |
| 3. ਵਿਚਿ ਦੁਨੀਆ ਸੇਵ ਕਮਾਈਐ | ਸ.ਹਰੀ ਸਿੰਘ | 15 |
| 4. ਕਾਮੁ ਕ੍ਰੋਧੁ ਕਾਇਆ ਕਉ ਗਾਲੈ | ਸ.ਅਮਰੀਕ ਸਿੰਘ | 19 |
| 5. ਮੋਰਿੰਡੇ ਦੇ ਰੰਘੜਾਂ ਜਾਨੀ ਖਾਂ ਮਾਨੀ ਖਾਂ ਦੀ ਸੁਧਾਈ | ਡਾ.ਗੁਰਬਚਨ ਸਿੰਘ | 27 |
| 6. ਅਨੰਦੁ ਸਾਹਿਬ ਦੀ ਬਾਣੀ ਵਿੱਚ ਕੁਝ ਪ੍ਰਸ਼ਨ-ਉੱਤਰ | ਸ.ਹਰਭਜਨ ਸਿੰਘ | 27 |
| 7. ਖਬਰਾਵਲੀ | ਸੰਪਾਦਕ | 35 |

ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ।

ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ** ਨੇ **"ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# "ਆਸ ਲਗਿ ਜੀਵਉ"

-ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257

ਭਗਤ ਰਵਿਦਾਸ ਜੀ ਦਾ ਧਨਾਸਰੀ ਰਾਗੁ ਦਾ ਇੱਕ ਸ਼ਬਦ ਹੈ :

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥ ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥ ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥** (ਅੰਗ-੬੯੪)

ਪਦ ਅਰਥ : ਹੇ ਪ੍ਰਭੂ ਮੇਰੇ ਵਰਗਾ ਨਿਮਾਣਾ ਤੇ ਤੇਰੇ ਵਰਗਾ ਦਿਆਲੂ ਕੋਈ ਨਹੀਂ ਹੈ ਹੁਣ ਹੋਰ ਪਰਤਾਵਾ ਕਾਹਦੇ ਲਈ ਕਰੀਏ ? ਅਰਥਾਤ ਕੋਈ ਲੋੜ ਨਹੀਂ ਹੈ। ਤੇਰੇ ਬਚਨਾਂ ਨਾਲ ਮੇਰਾ ਮਨ ਮੰਨ ਜਾਏ ਬਸ ਦਾਸ ਨੂੰ ਇਹੋ ਪੂਰਨਤਾ ਬਖਸ਼ ਦਿਉ।

ਹੇ ਸੋਹਣੇ ਰਾਮ ! ਮੈਂ ਤੈਥੋਂ ਵਾਰ ਵਾਰ ਕੁਰਬਾਨ ਜਾਂਦਾ ਹਾਂ ਤੇਰੇ ਮੇਰੇ ਨਾਲ ਨਾਹ ਬੋਲਣ ਦਾ ਕੀ ਕਾਰਣ ਹੈ ? ਤੂੰ ਚੁੱਪ ਕਿਉਂ ਹੈ? ਰਹਾਉ ?

ਹੇ ਮਾਧੋ ਤੇਰੇ ਨਾਲੋਂ ਬਹੁਤ ਜਨਮ ਵਿਛੜੇ ਰਹੇ ਹਾਂ ਪਰ ਹੁਣ ਇਹ ਮਨੁੱਖਾ ਜਨਮ ਤੁਹਾਡੇ ਲੇਖੇ ਲਾਇਆ ਹੈ। ਰਵਿਦਾਸ ਆਖਦਾ ਹੈ ਕਿ ਹੇ ਮਾਧੋ! ਤੇਰਾ ਦਰਸ਼ਨ ਕੀਤਿਆਂ ਬਹੁਤ ਚਿਰ ਲੰਘ ਗਿਆ ਪਰ ਮੈ ਤੇਰੇ ਦਰਸ ਦੀ ਆਸ ਵਿੱਚ ਲੱਗ ਕੇ ਜੀਉਂਦਾ ਪਿਆ ਹਾਂ।

ਇਸ ਸ਼ਬਦ ਰਾਹੀਂ ਭਗਤ ਰਵਿਦਾਸ ਜੀ ਨੇ ਪ੍ਰਭੂ ਦਰਸ਼ਨਾਂ ਤੋਂ ਆਪਣੇ ਆਪ ਨੂੰ ਵਿਛੁੜਿਆ ਹੋਇਆ ਮਹਿਸੂਸ ਕਰਦਿਆਂ ਪ੍ਰਭੂ ਦੇ ਦਰਸ਼ਨਾਂ ਲਈ ਬੇਨਤੀ ਕੀਤੀ ਹੈ। ਇਸ ਲਈ ਉਨ੍ਹਾਂ ਦੇ ਮਨ ਵਿੱਚ ਪ੍ਰਭੂ ਦੇ ਦਰਸ਼ਨ ਦੀ ਆਸ ਲੱਗੀ ਹੋਈ ਹੈ। ਜਦੋਂ ਆਪ ਇਹ ਵੀ ਕਹਿੰਦੇ ਹਨ ਕਿ 'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ' ਤਾਂ ਇਸ ਦਾ ਅਰਥ ਹੈ ਕਿ ਭਗਤ ਜੀ ਕਈ ਜਨਮਾਂ ਤੋਂ ਪ੍ਰਭੂ ਤੋਂ ਵਿਛੜੇ ਹੋਣ ਦਾ ਜਿਕਰ ਕਰ ਰਹੇ ਹਨ ਤੇ ਇਹ ਜੋ ਜਨਮ ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ, ਇਹ ਜਨਮ ਪ੍ਰਭੂ ਦੇ ਦਰਸ਼ਨਾਂ ਦੀ ਪ੍ਰਾਪਤੀ ਦੀ ਆਸ ਵਿੱਚ ਲਗਾ ਦੇਣਾ ਚਾਹੁੰਦੇ ਹਨ। ਹਰ ਭਗਤ ਇਸ ਆਸ ਨਾਲ ਹੀ ਜੀਉਂਦਾ ਹੈ ਕਿ ਉਸ ਨੂੰ ਜਨਮਾਂ ਜਨਮਾਂਤਰਾਂ ਦੇ ਵਿਛੋੜੇ ਪਿਛੋਂ ਕਦੇ ਤਾਂ ਪ੍ਰਭੂ ਮੇਹਰਬਾਨ ਹੋਕੇ ਉਸ ਦੇ ਦਰਸ਼ਨਾਂ ਦੀ ਪਿਆਸ ਬੁਝਾਏਗਾ, ਇਸੀ ਆਸ ਵਿੱਚ ਉਹ ਜੀਅ ਰਿਹਾ ਹੁੰਦਾ ਹੈ। ਇਥੇ ਰਵਿਦਾਸ ਜੀ ਆਪਣੇ ਵਿਛੋੜੇ ਦੀ ਹਾਲਤ ਨੂੰ ਬਿਆਨ ਕਰਦੇ ਇਹ ਵੀ ਕਹਿੰਦੇ ਹਨ

ਕਿ ਹੇ ਮੇਰੇ ਰਾਮ ! ਮੈਂ ਤੇਰੇ ਤੋਂ ਬਲਿਹਾਰ ਜਾਂਦਾ ਹਾਂ, ਤੂੰ ਕਿਉਂ ਨਹੀਂ ਮੇਰੇ ਨਾਲ ਬੋਲਦਾ (ਗੱਲ ਨਹੀਂ ਕਰਦਾ)। ਇਹ ਪ੍ਰਤੱਖ ਦਰਸ਼ਨਾਂ ਦੀ ਤਾਂਘ ਦੀ ਯਾਚਨਾ ਕਰਨਾ ਹੈ। ਇਸ ਲੰਮੇ ਵਿਛੋੜੇ ਪਿੱਛੇ ਭਗਤ ਜੀ ਇੱਕ ਆਸ ਰੱਖ ਕੇ ਜੀਉ ਰਹੇ ਹਨ।

ਗਹੁ ਨਾਲ ਵਾਚੀਏ ਤਾਂ ਇਹੋ ਜਿਹੀ ਅਵਸਥਾ ਹਰ ਭਗਤ ਦੇ ਜੀਵਨ ਵਿੱਚ ਆਉਂਦੀ ਹੈ। ਸ਼ੇਖ ਫਰੀਦ ਜੀ ਆਪਣੀ ਰਚਨਾ ਵਿੱਚ ਇਹੋ ਜਿਹੀ ਕੁਝ ਮਿਲਵੀਂ ਅਵਸਥਾ ਨੂੰ ਬਿਆਨ ਕਰਦੇ ਹੋਏ ਪ੍ਰਗਟ ਕਰਦੇ ਹਨ :-

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥ ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥ ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥** (ਅੰਗ-੧੩੮੨)

ਭਾਂਵੇ ਫਰੀਦ ਜੀ ਨੇ ਪ੍ਰਭੂ ਦੀ ਬਹੁਤ ਬੰਦਗੀ ਕੀਤੀ, ਤਪ ਕੀਤਾ ਪਰ ਫਿਰ ਵੀ ਆਖ ਰਹੇ ਹਨ ਕਿ ਇਹ ਸਰੀਰ ਵਿਸ਼ੇ ਵਿਕਾਰਾਂ ਦੇ ਭੋਗ ਕਰਕੇ ਸੁੱਕ ਕੇ ਪਿੰਜਰ ਅਰਥਾਤ ਹੱਡੀਆਂ ਦੀ ਮੁੱਠ ਰਹਿ ਗਿਆ ਹੈ ਪਰ ਵਿਸ਼ੇ ਵਿਕਾਰਾਂ ਰੂਪੀ ਕਾਂ ਅਜੇ ਵੀ ਪਿੱਛਾ ਨਹੀਂ ਛੱਡ ਰਹੇ। ਇਸ ਲਈ ਰੱਬ ਤਾਂ ਅਜੇ ਤੱਕ ਬਹੁੜਿਆ ਨਹੀਂ ਅਰਥਾਤ ਬੰਦੇ ਦੀ ਕਿਸਮਤ ਵੇਖੋ ਕਿ ਅਜੇ ਤਕ ਰੱਬ ਬੰਦੇ ਤੇ ਮਿਹਰਬਾਨ ਨਹੀਂ ਹੋਇਆ ਤੇ ਉਸ ਨੂੰ ਦਰਸ਼ਨ ਨਹੀਂ ਦਿਤੇ।

ਅੱਗੇ ਚਲਕੇ ਫੁਰਮਾ ਰਹੇ ਹਨ ਕਿ ਹੇ ਵਿਸ਼ੇ ਵਿਕਾਰਾਂ ਰੂਪੀ ਕਾਂ ਤੂੰ ਮੇਰੇ ਹੱਡੀਆਂ ਦੇ ਮੁੱਠ ਪਿੰਜਰ ਦੇ ਸਾਰੇ ਮਾਸ ਨੂੰ ਖਾ ਲਿਆ ਹੈ। ਪਰ ਮੇਰੀ ਇੱਕ ਬੇਨਤੀ ਹੈ ਕਿ ਤੂੰ ਮੇਰੇ ਇਨ੍ਹਾਂ ਦੋ ਨੇਤਰਾਂ ਨੂੰ ਚੁੰਜਾਂ ਨਾ ਮਾਰ। ਮੇਰੇ ਅੰਦਰ ਇਨ੍ਹਾਂ ਨੈਣਾਂ ਰਾਹੀਂ ਪਿਆਰੇ ਪ੍ਰਭੂ ਨੂੰ ਦੇਖਣ ਦੀ ਆਸ ਲੱਗੀ ਹੋਈ ਹੈ।

ਇਨ੍ਹਾਂ ਦੋਹਾਂ ਸਲੋਕਾਂ ਰਾਹੀਂ ਫਰੀਦ ਜੀ ਨੇ ਇੱਕ ਭਗਤ ਜਾਂ ਜਗਿਆਸੂ ਦੇ ਅੰਦਰ ਦੀ ਤਾਂਘ ਨੂੰ ਪ੍ਰਗਟ ਕੀਤਾ ਹੈ ਕਿਵੇਂ ਉਹ ਪ੍ਰਭੂ ਦੇ ਦਰਸ਼ਨਾਂ ਦੀ ਆਸ ਵਿੱਚ ਲੱਗੇ ਹੋਏ ਕਠਿਨ ਤੋਂ ਕਠਿਨ ਤਪੱਸਿਆ ਕਰਦੇ ਹੋਏ ਵੀ ਉਸ ਪਿਆਰੇ ਦੇ ਦੀਦਾਰ ਲਈ ਤਰਲੇ ਲੈਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਰਾਗੁ ਵਿੱਚ ਆਸ ਵਿੱਚ ਰਹਿਣ ਦੀ ਅਵਸਥਾ ਨੂੰ ਇੰਜ ਬਿਆਨ ਕਰਦੇ ਹਨ :-

**ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥੨॥ ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥**

ਮੈਂ ਤੇਰੇ ਦਰਸ਼ਨਾਂ ਦੀ ਪਿਆਸ ਵਾਸਤੇ ਆਸ ਰੱਖਕੇ ਸੇਜ ਵਿਛਾ ਕੇ ਆਈ ਹਾਂ ਪਰ ਅੱਗੋਂ ਤੈਨੂੰ ਚੰਗੀ ਲੱਗਾ ਕਿ ਨਾ, ਇਸ ਬਾਰੇ ਮੈਂ ਨਹੀਂ ਜਾਣਦੀ। ਹੇ ਮੇਰੀ ਮਾਈ, ਮੇਰਾ ਪ੍ਰੀਤਮ ਮੇਰੇ ਨਾਲ ਕੀ ਕਰੇਗਾ ਪਰ ਮੈਂ ਇਤਨਾ ਜਾਣਦੀ ਹਾਂ ਕਿ ਹੇ ਹਰੀ ਪ੍ਰਭੂ ਮੈਂ ਤੇਰੇ ਦਰਸ਼ਨਾਂ ਬਿਨਾਂ ਰਹਿ ਨਹੀਂ ਸਕਦੀ। ਗਉੜੀ ਰਾਗੁ ਅੰਦਰ ਵੀ ਪੰਚਮ ਪਾਤਸ਼ਾਹ ਕੁਝ ਇਹੋ ਜਿਹੇ ਭਾਵ ਪ੍ਰਗਟ ਕਰਦੇ ਹਨ :

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥
ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ॥(ਅੰਗ-੨੦੪)

ਹੇ ਹਰੀ, ਮੇਰਾ ਮਨ ਤੇਰੇ ਦੀਦਾਰ ਲਈ ਹਰ ਵੇਲੇ ਤੇਰਾ ਸਿਮਰਣ ਕਰਦਾ ਹੈ, ਤੈਨੂੰ ਯਾਦ ਕਰਦਾ ਹੈ। ਮੈਂ ਦਿਨ ਰਾਤ ਇਸ ਪਿਆਸ ਦੀ ਆਸ ਰੱਖਕੇ ਤੈਨੂੰ ਚਿਤਵਦੀ ਹਾਂ ਕਿ ਕੋਈ ਸੰਤ ਜਨ ਨੇੜੇ ਹੋ ਕੇ ਤੇਰੇ ਨਾਲ ਮਿਲਾ ਦੇਵੇ ਪ੍ਰਭੂ ਦੇ ਮਿਲਾਪ ਦੀ ਤਾਂਘ ਦਾ ਸਿਖਰ ਵੇਖਣਾ ਹੋਵੇ ਤਾਂ ਪੰਚਮ ਪਾਤਸ਼ਾਹ ਦੇ ਮਾਝ ਰਾਗੁ ਦੇ ਸ਼ਬਦ ਵਿਚੋਂ ਵੇਖਿਆ ਜਾ ਸਕਦਾ ਹੈ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥ ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥ ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥ ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ (ਅੰਗ-੯੭)

ਇਸ ਸ਼ਬਦ ਦੇ ਪਹਿਲੇ ਭਾਗ ਵਿੱਚ ਪੰਚਮ ਪਾਤਸ਼ਾਹ ਗੁਰੂ ਦੇ ਦਰਸ਼ਨਾਂ ਦੀ ਲੋਚਾ ਵਰਨਣ ਕਰਦੇ ਹੋਏ ਚਾਤ੍ਰਿਕ ਵਾਂਗ ਵਿਰਲਾਪ ਕਰਨਾ, ਦਰਸਨਾਂ ਦੀ ਪਿਆਸ ਤੇ ਦਰਸਨ ਬਿਨਾਂ ਚੈਨ ਨਾ ਆਉਣ ਦਾ ਵਰਨਣ ਕਰਦੇ ਹਨ। ਇਹ ਇੱਕ ਵਿਛੋੜੇ ਦੀ ਅਕਹਿ ਅਤੇ

ਅਸਹਿ ਅਵਸਥਾ ਹੈ।

ਦੂਜੇ ਭਾਗ ਵਿੱਚ ਉਸ ਪਿਆਰੇ ਦੀ ਸਿਫਤ ਕਰਦੇ ਆਖਦੇ ਹਨ ਕਿ ਲੰਮਾਂ ਸਮਾਂ ਬੀਤ ਗਿਆ ਹੈ ਤੇਰੇ ਦਰਸ਼ਨ ਕੀਤਿਆ ਤੂੰ ਤੇ ਤੇਰਾ ਦੇਸ ਧੰਨ ਹਨ ਜਿਥੇ ਤੂੰ ਵੱਸਦਾ ਹਾਂ।

ਤੀਜੇ ਭਾਗ ਵਿੱਚ ਵਿਛੋੜੇ ਦੀ ਅਤਿ ਦਰਦ ਮਈ ਅਵਸਥਾ ਨੂੰ ਵਰਨਣ ਕਰਦੇ ਹੋਏ ਫੁਰਮਾਂਦੇ ਹਨ : ਹੇ ਪਿਆਰੇ, ਜੇ ਤੂੰ ਇੱਕ ਘੜੀ ਪਲ ਲਈ ਵੀ ਮੈਨੂੰ ਨਹੀਂ ਮਿਲਦਾ ਜਾਂ ਇੱਕ ਘੜੀ ਪਲ ਲਈ ਤੈਥੋਂ ਦੂਰ ਹੁੰਦਿਆਂ ਹੀ ਮੇਰੇ ਲਈ ਤਾਂ ਸਮਝੋ ਕਲਜੁੱਗ ਹੀ ਹੈ। ਫਿਰ ਬੇਨਤੀ ਤੇ ਤਰਲਾ ਹੈ ਕਿ ਗੁਰੂ ਜੀ ਤੁਹਾਡਾ ਕਦੋਂ ਮੇਰੇ ਨਾਲ ਮਿਲਾਪ ਹੋਵੇਗਾ ? ਮੈਨੂੰ ਤਾਂ ਤੇਰੇ ਦੀਦਾਰ ਕੀਤੇ ਬਿਨਾਂ ਨੀਂਦ ਵੀ ਨਹੀਂ ਆਉਂਦੀ। ਮੈਂ ਤੇਰੇ ਤੋਂ ਕੁਰਬਾਨ ਜਾਂਦਾ ਹਾਂ।

ਚੌਥੇ ਭਾਗ ਵਿੱਚ ਵਿਛੋੜੇ ਦਾ ਅੰਤ ਤੇ ਮਿਲਾਪ ਦੀ ਅਵਸਥਾ ਝਲਕ ਰਹੀ ਹੈ। ਮੇਰੇ ਚੰਗੇ ਭਾਗ ਹਨ ਜੋ ਮੈਨੂੰ ਗੁਰੂ-ਸੰਤ ਮਿਲ ਪਿਆ ਹੈ ਮੈਂ ਆਪਣੇ ਹਿਰਦੇ ਰੂਪੀ ਘਰ ਵਿੱਚ ਆਪਣੇ ਅਬਿਨਾਸੀ ਪ੍ਰਭੂ ਨੂੰ ਪਾ ਲਿਆ ਹੈ। ਇਸ ਲਈ ਤੇਰਾ ਦਾਸ ਨਾਨਕ, ਤੇਰੇ ਤੋਂ ਬਲਿਹਾਰ ਜਾਂਦਾ ਹੈ। ਆਸਾ ਰਾਗੁ ਵਿੱਚ ਮਹਲਾ ਪੰਜਵਾਂ ਦਾ ਇਸ ਵਿਸ਼ੇ ਸੰਬੰਧੀ ਕੁਝ ਇਸ ਤਰ੍ਹਾਂ ਦਾ ਸ਼ਬਦ ਹੈ :-

ਮਨ ਮੇਰੇ ਹਰਿ ਕੇ ਚਰਨ ਰਵੀਜੈ ॥
ਦਰਸ ਪਿਆਸ ਮੇਰੋ ਮਨੁ ਮੋਹਿਓ ਹਰਿ ਪੰਖ ਲਗਾਇ ਮਿਲੀਜੈ॥(ਅੰਗ-੧੨੬੯)

ਪੰਚਮ ਪਾਤਸ਼ਾਹ ਫੁਰਮਾ ਰਹੇ ਹਨ, ਕਿ ਮੇਰੇ ਮਨ ਨੂੰ ਪ੍ਰਭੂ ਜੀ ਤੇਰੇ ਦਰਸਨਾਂ ਦੀ ਪਿਆਸ ਨੇ ਮੋਹ ਲਿਆ ਹੈ ਤੇ ਇਹ ਦਿਲੀ ਇੱਛਾ ਹੈ ਕਿ ਮੈਂ ਪੰਖ ਲਗਾ ਕੇ ਉੱਡ ਕੇ ਤੈਨੂੰ ਮਿਲ ਪਵਾਂ, ਇਸ ਲਈ ਹੇ ਮੇਰੇ ਮਨ, ਉਸ ਹਰੀ ਪ੍ਰਭੂ ਦੇ ਚਰਨਾਂ ਨੂੰ ਸਿਮਰ, ਜਿਸ ਦੀ ਬਰਕਤ ਨਾਲ ਤੈਨੂੰ ਉਹ ਮਿਲ ਪਵੇਗਾ।

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਦਾ ਵਰਨਣ ਕਰਦੇ ਹੋਏ ਫੁਰਮਾਂਦੇ ਹਨ ਕਿ ਜਿਵੇਂ ਕੋਈ ਅਮਲੀ ਆਪਣੇ ਅਮਲ ਬਿਨਾਂ ਨਹੀਂ ਰਹਿ ਸਕਦਾ। ਅਮਲ ਤੋਂ ਬਿਨਾਂ ਉਸ ਦੀ ਮੌਤ ਹੈ, ਠੀਕ ਇਸੇ ਤਰ੍ਹਾਂ ਮੈਂ ਵੀ ਆਪਣੇ ਪਿਆਰੇ ਪ੍ਰੀਤਮ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ। ਜਿਨਾਂ ਜੀਵਾਂ ਦੇ ਅੰਦਰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹੋਵੇ ਉਨ੍ਹਾਂ ਨੂੰ ਹਰੀ ਪ੍ਰਭੂ ਤੋਂ ਬਿਨ੍ਹਾਂ ਕੋਈ ਹੋਰ ਦੂਜਾ ਚੰਗਾ ਹੀ ਨਹੀਂ ਭਾਸਦਾ।

ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥ ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥੩॥ (ਅੰਗ-੮੩੮)

ਜਦੋਂ ਪ੍ਰਭੂ ਦੇ ਮਿਲਣ ਦੀ ਪਿਆਸ ਹਿਰਦੇ ਅੰਦਰ ਉਤਪੰਨ ਹੋ ਜਾਂਦੀ ਹੈ ਤਾਂ ਮਨ ਦੀ ਜੋ ਅਵਸਥਾ ਹੁੰਦੀ ਹੈ ਉਸਦਾ ਵਰਨਣ ਕਰਦੇ ਹੋਏ ਗੁਰੂ ਰਾਮਦਾਸ ਜੀ ਬਿਲਾਵਲ ਰਾਗੁ ਦੇ ਸ਼ਬਦ ਅੰਦਰ ਫੁਰਮਾਣ ਕਰਦੇ ਹਨ :-

ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥ ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥ ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥੧॥ ਰਹਾਉ ॥ ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥ ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥੩॥ (ਅੰਗ-੮੩੫-੩੬)

ਗੁਰੂ ਜੀ ਫੁਰਮਾ ਰਹੇ ਹਨ, ਮੇਰੇ ਹਿਰਦੇ ਅੰਦਰ ਪ੍ਰਭੂ ਮਿਲਣ ਦੀ ਪਿਆਸ ਉਠੀ ਹੈ। ਗੁਰੂ ਦੇ ਬਚਨ ਸੁਣ ਕੇ ਮੇਰੇ ਮਨ ਵਿੱਚ ਪ੍ਰੇਮ ਰੂਪੀ ਤੀਰ ਲੱਗ ਗਿਆ ਹੈ। ਮੇਰੇ ਮਨ ਦੀ ਪੀੜ ਮਨ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣ ਸਕਦਾ। ਮੇਰੇ ਰਾਮ ! ਮਨ ਨੂੰ ਮੋਹਣ ਵਾਲੇ ਪਿਆਰੇ ਗੁਰੂ ਨੇ ਮੇਰੇ ਮਨ ਨੂੰ ਮੋਹ ਲਿਆ ਹੈ। ਮੈਂ ਗੁਰੂ ਦੇ ਦਰਸ਼ਨ ਕਰਕੇ ਵਿਆਕੁਲ ਹੋ ਗਈ ਹਾਂ ਅਤੇ ਲੋਟ ਪੋਟ ਹੋ ਕੇ ਗੁਰੂ ਦੇ ਅੱਗੇ ਢਹਿ ਪਈ ਹਾਂ।

ਮੇਰੇ ਮਨ ਵਿੱਚ ਪਿਆਰੇ ਪ੍ਰਭੂ ਦੇ ਦੀਦਾਰ ਲਈ ਬੜਾ ਚਾਅ ਹੈ ਇਸ ਲਈ ਮੈਂ ਦੇਸ ਦੇਸ਼ਾਤਰਾਂ ਵਿੱਚ ਉਸ ਦੀ ਭਾਲ ਕਰਦੀ ਪਈ ਹਾਂ। ਉਹ ਗੁਰੂ ਜਿਸ ਨੇ ਮੈਨੂੰ ਹਰੀ ਪ੍ਰਭੂ ਦਾ ਮਾਰਗ ਦਿਖਾਇਆ ਹੈ, ਮੈਂ ਉਸ ਗੁਰੂ ਨੂੰ ਆਪਣਾ ਮਨ ਤੇ ਸਰੀਰ ਕੱਟ ਕੇ ਭੇਟ ਕਰ ਦੇਵਾਂ। ਜੋ ਕੋਈ ਮੇਰੇ ਪ੍ਰਭੂ ਦਾ ਸੁਨੇਹਾ ਲਿਆ ਕੇ ਦੇਵੇ, ਉਹ ਮੇਰੇ ਮਨ ਵਿੱਚ ਬੜਾ ਮਿੱਠਾ ਲੱਗਦਾ ਹੈ ਅਤੇ ਜੋ ਮੈਨੂੰ ਮੇਰੇ ਹਰੀ ਪ੍ਰਭੂ ਨਾਲ ਮਿਲਾ ਦੇਵੇ, ਉਸ ਦੇ ਚਰਨਾਂ ਵਿੱਚ ਆਪਣਾ ਸਿਰ ਕੱਟ ਕੇ ਰੱਖ ਦਿਆਂ।

ਇਨ੍ਹਾਂ ਬਚਨਾਂ ਵਿੱਚ ਕਿਤਨੀ ਤਾਂਘ ਹੈ, ਪਿਆਸ ਹੈ, ਤੜਪ ਹੈ ਕਿ ਆਪਣਾ ਸਭ ਕੁੱਝ ਗੁਰੂ ਦੇ ਦਰਸ਼ਨਾਂ ਦੀ ਖਾਤਰ ਨਿਛਾਵਰ ਕੀਤਾ ਜਾ ਸਕਦਾ ਹੈ। ਪ੍ਰਭੂ ਦੇ ਭਗਤਾਂ ਦੇ ਅੰਦਰ ਸਦਾ ਹੀ ਉਸ ਦੇ ਦਰਸ਼ਨਾਂ ਦੀ ਪਿਆਸ ਬਣੀ ਰਹਿੰਦੀ ਹੈ। ਭਗਤ ਨਾਮ ਦੇਵ ਜੀ ਵੀ ਫੁਰਮਾਂਦੇ ਹਨ :-

ਸ਼ੰਸਾਰੁ ਸਮੁੰਦੇ ਤਾਰਿ ਗੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥

ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥ ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥ ਪਾਰਿ ਉਤਾਰੇ ਕੇਸਵਾ ॥੩॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥ (ਅੰਗ-੧੧੯੬)

ਹੇ ਮੇਰੇ ਗੋਬਿੰਦ, ਮੈਂ ਸੰਸਾਰ ਰੂਪੀ ਸਮੁੰਦਰ ਵਿਚੋਂ ਤਰ ਨਹੀਂ ਸਕਦਾ। ਹੇ ਮੇਰੇ ਬੀਠੁਲ, ਤੂੰ ਮੇਰਾ ਪਿਤਾ ਹੈ ਤੂੰ ਹੀ ਕ੍ਰਿਪਾ ਕਰਕੇ ਤਾਰ ਲੈ। ਤ੍ਰਿਸ਼ਨਾ ਰੂਪੀ ਹਨੇਰੀਆਂ ਮੈਨੂੰ ਦੁੱਖੀ ਕਰ ਰਹੀਆਂ ਹਨ। ਤੇਰੇ ਕੋਲ ਪੁੱਜਣ ਲਈ ਇਨ੍ਹਾਂ ਰੁਕਾਵਟਾਂ ਕਰਕੇ ਮੈਂ ਸਰੀਰ ਰੂਪੀ ਬੇੜਾ ਨਹੀਂ ਚਲਾ ਸਕਦਾ। ਇਸ ਲਈ ਹੇ ਦਿਆਲੂ ਪ੍ਰਭੂ ਤੂੰ ਮੇਰੇ ਉਤੇ ਕ੍ਰਿਪਾ ਕਰ, ਮੇਰੀ ਬਾਂਹ ਫੜ ਤਾਂ ਜੋ ਇਸ ਬਿਖਮ ਸਾਗਰ ਨੂੰ ਮੈਂ ਪਾਰ ਕਰ ਸਕਾਂ।

ਇਸ ਲੇਖ ਰਾਹੀਂ ਭਗਤ ਰਵਿਦਾਸ ਜੀ ਵੱਲੋਂ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਨੂੰ ਗੁਰਬਾਣੀ ਦੀ ਰੋਸ਼ਨੀ ਵਿੱਚ ਬਿਆਨ ਕਰਨ ਦਾ ਜਤਨ ਕੀਤਾ ਹੈ ਕਿ ਦਰਸ਼ਨਾਂ ਦੀ ਪਿਆਸ ਕੀ ਹੁੰਦੀ ਹੈ ਤੇ ਇਸ ਪਿਆਸ ਵਿੱਚ ਪ੍ਰਭੂ ਭਗਤਾਂ ਦੀ ਕੀ ਦਸ਼ਾ ਹੁੰਦੀ ਹੈ। ਸਮੁੱਚੇ ਲੇਖ ਰਾਹੀਂ ਆਪ ਭਲੀ ਭਾਂਤ ਜਾਣ ਸਕਦੇ ਹੋ।

-o-o-o-

## ਵਹਿਮ-ਭਰਮ (ਬਾਕੀ 14 ਪੰਨੇ ਦਾ)

ਜਦੋਂ ਗੁਰੂ ਦੇ ਸ਼ਬਦ (ਗੁਰ ਮੰਤ੍ਰ) ਦਾ ਅਸੀਂ ਜਾਪ ਕੀਤਾ ਤਾਂ ਸਮਝੋ ਕਿ ਸਾਡੇ ਆਲੇ ਦੁਆਲੇ ਨਾਮ ਦੀ ਕਾਰ ਬਣ ਗਈ। ਗੁਰ ਮੰਤ੍ਰ ਸਾਡਾ ਰਖਵਾਲਾ ਬਣ ਗਿਆ । ਨਾਮ ਦੇ ਨਾਲ ਪ੍ਰੀਤ ਹੋਣ ਕਰਕੇ ਜਮ ਵਿਚਾਰਾ ਸ਼ਰਮ ਵਿੱਚ ਆ ਕੇ ਸਾਡੇ ਕੋਲੋਂ ਦੂਰ ਦੌੜ ਜਾਂਦਾ ਹੈ। ਸਾਰੇ ਦੁੱਖ ਤਕਲੀਫ ਜਿਨ੍ਹਾਂ ਲਈ ਅਸੀਂ ਵਹਿਮ-ਭਰਮ ਵਿੱਚ ਆਕੇ ਕਰਮ ਕਾਂਡ ਕਰਦੇ ਹਾਂ, ਸਭ ਦੂਰ ਹੋ ਜਾਂਦੇ ਹਨ। ਗੁਰੂ ਵਾਕ ਹੈ :-

ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥ ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥ ਪ੍ਰਭ ਜੀ ਤੂ ਮੇਰੋ ਸੁਖਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ (ਅੰਗ-੬੨੬)

ਵਾਹਿਗੁਰੂ ਜੀ ਸਾਰੇ ਬੰਧਨ ਕੱਟ ਕੇ ਸਾਡੇ ਮਨ ਨੂੰ ਨਿਰਮਲ (ਸਾਫ ਸੁਥਰਾ) ਕਰ ਦਿੰਦੇ ਹਨ ਅਤੇ ਸਾਰੇ ਸੁੱਖ ਬਖਸ਼ ਦਿੰਦੇ ਹਨ, ਕਿਉਂਕਿ ਵਾਹਿਗੁਰੂ ਜੀ ਸਾਰੇ ਸੁੱਖਾਂ ਦੇ ਦਾਤੇ ਹਨ।

-o-o-o-

# ਵਹਿਮ-ਭਰਮ

ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

**ਭਰਮ ਕੀ ਚੀਜ਼ ਹੈ? ਮਨ ਦੇ ਅੰਦਰ ਇੱਕ ਛਾਇਆ ਜਿਹੀ ਬਣ ਜਾਣੀ, ਉਸ ਵਸਤੂ ਦੀ, ਜਾਂ ਘਟਨਾ ਦੀ, ਜੋ ਅਸਲ ਵਿੱਚ ਹੈ ਨਹੀਂ, ਨਾ ਹੋਈ ਹੈ ਅਤੇ ਨਾ ਹੀ ਹੋਣ ਵਾਲੀ ਹੈ। ਬਸ ਇੱਕ ਵਹਿਮ ਹੈ। ਗੁਰਬਾਣੀ ਅੰਦਰ ਭਰਮ ਦੇ ਲੱਛਣ ਇਸ ਤਰਾਂ ਲਿਖੇ ਹਨ, ਭਗਤ ਰਵਿਦਾਸ ਜੀ ਸੋਰਠਿ ਰਾਗ ਵਿੱਚ ਫੁਰਮਾਉਂਦੇ ਹਨ :-**

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥**

(ਅੰਗ-੬੫੭)

**ਹੇ ਵਾਹਿਗੁਰੂ ਜੀ ! ਭਰਮ ਦੀ ਬਾਬਤ ਕੀ ਕਹੀਏ, ਇਹ ਤਾਂ ਐਸੀ ਚੀਜ਼ ਹੈ, ਕਿ ਇਸ ਵਿੱਚ ਪੈ ਕੇ ਚੀਜ਼ਾਂ ਨੂੰ ਜੈਸਾ ਸਮਝੀਦਾ ਹੈ, ਅਸਲ ਵਿੱਚ ਉਸ ਤਰਾਂ ਨਹੀਂ ਹੁੰਦਾ:-**

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥**

**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥** (ਅੰਗ-੬੫੭)

**ਇੱਕ ਰਾਜਾ ਹੋਵੇ, ਉਸ ਨੂੰ ਰਾਤ ਨੂੰ ਸੌਣ ਵੇਲੇ ਸੁਪਨਾ ਆਵੇ ਕਿ ਉਹ ਭਿਖਾਰੀ ਹੈ ਅਤੇ ਦਰ ਦਰ ਤੇ ਮੰਗਦਾ ਫਿਰਦਾ ਹੈ, ਹੈ ਤੇ ਰਾਜਾ ਪਰ ਸੁਪਨੇ ਵਿੱਚ ਭਿਖਾਰੀ ਹੋ ਗਿਆ, ਉਸ ਨੂੰ ਬੜਾ ਦੁੱਖ ਹੁੰਦਾ ਹੈ, ਰਾਜ ਸੀ, ਚਲਾ ਗਿਆ, ਰਾਜ ਤੋਂ ਵਿਛੜ ਗਿਆ, ਦੁੱਖੀ ਹੁੰਦਾ ਹੈ। ਸੋ ਵਹਿਮ ਦੇ ਵਿੱਚ ਬੰਦੇ ਦੀ ਐਸੀ ਦਸ਼ਾ ਹੁੰਦੀ ਹੈ :-**

**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥**

**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥**(ਅੰਗ-੬੫੮)

**ਰਾਜ : ਇਥੇ ਰਾਜ ਦਾ ਭਾਵ ਰੱਸੀ ਤੋਂ ਹੈ। ਜਿਸ ਤਰਾਂ ਹਨੇਰੇ ਵਿੱਚ ਰੱਸੀ ਪਈ ਹੋਵੇ, ਉਸ ਦੀ ਕਹਾਣੀ ਹੈ ਕਿ ਕਈ ਉਸ ਨੂੰ ਸਰਪ ਸਮਝਣ ਲੱਗ ਜਾਂਦੇ ਹਨ। ਜਿਵੇਂ ਬਹੁਤ ਸਾਰੇ ਸੋਨੇ ਦੇ ਕੜੇ ਹੋਣ ਅਤੇ ਬੰਦਾ ਇਹ ਸਮਝੇ ਕਿ ਇਹ ਸੋਨਾ ਨਹੀਂ ਅੱਡ ਅੱਡ ਵਸਤੂ ਹੈ। ਪਰ ਹੈ ਤਾਂ ਸੋਨਾ ਹੀ। ਭਗਤ ਜੀ ਆਖਦੇ ਹਨ ਕਿ ਹੁਣ ਮੇਰਾ ਭਰਮ ਦੂਰ ਹੋ ਗਿਆ ਹੈ। ਮੈਨੂੰ ਹੁਣ ਸਮਝ ਆ ਗਈ ਹੈ ਕਿ ਭਰਮ, ਭਰਮ ਹੀ ਹੁੰਦਾ ਹੈ, ਅਸਲੀਅਤ ਨਹੀਂ।**

**ਇਕ ਭਰਮ ਆਮ ਮਨੁੱਖਤਾ ਵਿੱਚ ਪਾਇਆ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਸਰੀਰਕ ਜਾਂ ਮਾਨਸਿਕ ਰੋਗ ਲੱਗ ਜਾਵੇ ਤਾਂ ਵਹਿਮੀ ਬੰਦੇ/ਬੀਬੀਆਂ ਆਖਣਗੇ, ਇਸ ਨੂੰ ਕਿਸੇ ਨੇ ਕੁਝ ਕਰ ਦਿੱਤਾ ਹੈ, ਕਿਸੇ ਨੇ ਇਸ ਉੱਤੇ ਕੋਈ ਚੀਜ਼ ਛੱਡ ਦਿੱਤੀ ਹੈ, ਜੋ ਇਸ ਨੂੰ ਤੰਗ ਕਰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ 'ਗਉੜੀ ਬੈਰਾਗਣਿ' ਰਾਗ ਵਿੱਚ ਸਮਝਾਉਂਦੇ**

ਹਨ:-

**ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥ ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥ ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥**(ਅੰਗ-੧੬੮)

ਸਤਿਗੁਰੂ ਜੀ, ਸਾਨੂੰ ਭਾਈ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਆਖਦੇ ਹਨ, ਹੇ ਭਾਈ ! ਤੁਸੀਂ ਇਹ ਬਿਲਕੁਲ ਨਾ ਸਮਝੋ ਕਿ ਕਿਸੇ ਬੰਦਿਆਂ ਦੇ ਕੁੱਝ ਹੱਥ ਹੈ ਕਿ ਉਹ ਕੁਝ ਕਰ ਸਕਦੇ ਹਨ। ਬੰਦੇ ਦੇ ਹੱਥ ਕੁਝ ਨਹੀਂ ਹੈ ਕਿ ਉਹ ਕਿਸੇ ਨੂੰ ਦੁੱਖ ਸੁੱਖ ਦੇਵੇ, ਉਸ ਉੱਤੇ ਜਾਦੂ ਟੂਣਾ ਕਰਕੇ ਕੋਈ ਰੋਗ ਉਸਨੂੰ ਲਗਾਵੇ, ਸਰਾਸਰ ਭੁੱਲ ਹੈ। ਦੁੱਖ ਸੁੱਖ ਤਾਂ ਪਰਮਾਤਮਾ ਦੇ ਹੱਥ ਹਨ। ਜੋ ਕੁਝ ਹੋ ਰਿਹਾ ਹੈ, ਵਾਪਰ ਰਿਹਾ ਹੈ, ਸਭ ਵਾਹਿਗੁਰੂ ਜੀ ਵਰਤਾ ਰਹੇ ਹਨ।

ਜ਼ਰਾ : ਜਰਾ ਤੋਂ ਭਾਵ ਹੈ ਬੁਢੇਪਾ, ਜੋ ਕੋਈ ਨਹੀਂ ਦੇ ਸਕਦਾ, ਉਮਰ ਦੇ ਲਿਹਾਜ ਨਾਲ ਇਹ ਆਉਣਾ ਹੀ ਆਉਣਾ ਹੈ। ਕਿਸੇ ਦਾ ਲਗਾਇਆ ਹੋਇਆ, ਨਹੀਂ ਆ ਸਕਦਾ, ਇਹ ਤਾਂ ਇਕ ਕੁਦਰਤੀ ਅਸੂਲ ਹੈ, ਕੁਦਰਤੀ ਵਿਧਾਨ ਹੈ।

ਅਗਲੀ ਗੱਲ ਹੈ, ਮੌਤ। ਮੌਤ, ਕਿਸੇ ਦਾ ਮਾਰਿਆ ਹੋਇਆ ਬੰਦਾ ਨਹੀਂ ਮਰਦਾ। ਜਦੋਂ ਕੁਦਰਤੀ ਵਿਧਾਨ ਦੇ ਮੁਤਾਬਿਕ ਪਰਮਾਤਮਾ ਵੱਲੋਂ ਦਿੱਤੇ ਗਏ ਸਵਾਸ ਪੂਰੇ ਹੋ ਜਾਣ, ਮੌਤ ਨੇ ਅਵੱਸ਼ ਆਉਣਾ ਹੈ, ਇਹ ਭਾਣੇ ਵਿੱਚ ਆਉਂਦੀ ਹੈ, "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥" "ਮਰਣੁ ਲਿਖਾਇ ਮੰਡਲ ਮਹਿ ਆਏ ॥" ਇਸ ਸੰਸਾਰ ਨੂੰ ਮ੍ਰਿਤ ਮੰਡਲ ਆਖਿਆ ਜਾਂਦਾ ਹੈ, ਭਾਵ ਮੌਤ ਦਾ ਥਾਂ। ਸੋ ਇੱਥੇ ਜੋ ਆਉਂਦਾ ਹੈ ਉਸਦੀ ਮੌਤ ਪਹਿਲਾਂ ਹੀ ਲਿਖੀ ਜਾਂਦੀ ਹੈ।

**ਤਾਪ** : ਤਾਪ ਦੁੱਖ-ਰੋਗ ਨੂੰ ਕਿਹਾ ਜਾਂਦਾ ਹੈ। ਆਮ ਤੌਰ ਤੇ ਅਸੀਂ ਕਹਿੰਦੇ ਹਾਂ ਕਿ ਉਸ ਬੰਦੇ ਨੂੰ ਤਾਪ ਚੜ੍ਹ ਗਿਆ। ਆਮ ਬੋਲੀ ਵਿੱਚ ਬੁਖਾਰ ਨੂੰ ਹੀ ਤਾਪ ਕਿਹਾ ਜਾਂਦਾ ਹੈ, ਪਰ ਅਸਲੀਅਤ ਵਿੱਚ ਤਾਪ, ਰੋਗ ਹੁੰਦਾ ਹੈ ਅਤੇ ਰੋਗ ਤਿੰਨ ਕਿਸਮ ਦੇ ਮੰਨੇ ਜਾਂਦੇ ਹਨ ; ੧.ਆਧਿ, ੨.ਬਿਆਧਿ, ੩.ਉਪਾਧਿ।

**ਆਧਿ** : ਆਧਿ-ਮਾਨਸਿਕ ਰੋਗ ਹੁੰਦਾ ਹੈ, ਬਿਆਧਿ-ਸਰੀਰਕ ਰੋਗ ਅਤੇ ਉਪਾਧਿ-ਇਹ ਕਈ ਕੁਦਰਤੀ ਆਫਤਾਂ ਦੇ ਨਾਲ ਆਉਂਦੇ ਹਨ, ਜਿਵੇਂ ਕਿ ਹੜ੍ਹ, ਭੁਚਾਲ, ਕਾਲ ਪੈ ਜਾਣਾ ਆਦਿ ਆਦਿ। ਸੋ ਸਤਿਗੁਰੂ ਜੀ ਦਾ ਬਚਨ ਹੈ ਕਿ ਇਹ ਸਾਡੇ, ਅਪਣੇ ਕੀਤੇ ਹੋਏ ਕਰਮਾਂ ਕਰਕੇ ਆਉਂਦੇ ਹਨ। ਇਨ੍ਹਾਂ ਲਈ ਕਿਸੇ ਨੂੰ ਦੋਸ਼ ਦੇਣਾ ਸਰਾਸਰ ਗਲਤ ਹੈ। 'ਪਟੀ' ਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ (ਅੰਗ-੪੩੩)

ਭਾਈ ! ਕਿਸੇ ਦੇ ਸਿਰ ਤੇ ਦੋਸ਼ ਨਾ ਮੜ੍ਹ, ਇਹ ਦੁੱਖ ਸੁੱਖ ਜੋ ਤੂੰ ਭੋਗ ਰਿਹਾ ਹੈਂ, ਇਹ ਤਾਂ ਤੇਰੇ ਅਪਣੇ ਕੀਤੇ ਹੋਏ ਕਰਮਾਂ ਦਾ ਫਲ ਹੈ। ਐਵੇਂ ਦੂਜਿਆਂ ਤੇ ਵਹਿਮ ਨਾ ਕਰ ਅਤੇ ਇਹ ਨਾ ਆਖ ਕਿ ਕਿਸੇ ਨੇ ਤੈਨੂੰ ਦੁੱਖ ਦਿੱਤਾ ਹੈ।

ਸਾਪ ਦਾ ਅਰਥ ਹੈ ਸਰਾਪ। ਕਿਸੇ ਨੂੰ ਸਰਾਪ ਦੇਣਾ। ਆਮ ਤੌਰ ਤੇ ਅਸੀਂ ਕਹਿ ਦਿੰਦੇ ਹਾਂ ਕਿ ਫਲਾਂ ਬੰਦੇ ਨੇ ਇਸ ਨੂੰ ਸਰਾਪ ਦੇ ਦਿੱਤਾ ਅਤੇ ਇਸ ਦੇ ਕੰਮ ਕਾਜ ਵਿੱਚ ਘਾਟਾ ਪੈ ਗਿਆ ਜਾਂ ਇਹ ਜੀਵਨ ਵਿੱਚ ਢਹਿੰਦੀ ਕਲਾ ਵਲ ਜਾ ਰਿਹਾ ਹੈ। ਪਰ ਗੁਰਬਾਣੀ ਅਨੁਸਾਰ ਕੋਈ ਵੀ ਕਿਸੇ ਨੂੰ ਸਰਾਪ ਦੇ ਕੇ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ।

ਸਿਰਤਿ ਵੀ ਰੋਗ ਦਾ ਨਾਂ ਹੈ। ਅੱਧੇ ਸਿਰ ਦੀ ਪੀੜ ਆਦਿ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਸਭ ਚੀਜਾਂ ਵਾਹਿਗੁਰੂ ਜੀ ਦੇ ਵੱਸ ਵਿੱਚ ਹਨ, ਕਿਸੇ ਵੱਲੋਂ ਲਗਾਈਆਂ ਹੋਈਆਂ ਨਹੀਂ ਲੱਗਦੀਆਂ, ਵਾਹਿਗੁਰੂ ਨੂੰ ਜੋ ਭਾਵੇ ਸੋ ਹੁੰਦਾ ਹੈ। ਸੋ ਗੁਰੂ ਉਪਦੇਸ਼ ਹੈ ਕਿ ਵਾਹਿਗੁਰੂ ਦਾ ਨਾਮ ਮਨ ਚਿੱਤ ਤੋਂ ਸਦਾ ਧਿਆਈਐ, ਜੋ ਵਾਹਿਗੁਰੂ ਜੀ ਸਾਨੂੰ ਇਨ੍ਹਾਂ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਦੁਆਉਣ ਦੇ ਸਮਰੱਥ ਹਨ ਅਤੇ ਅੰਤ ਵਿੱਚ ਆਪ ਹੀ ਬਹੁੜੀ ਕਰਦੇ ਹਨ।

ਦਿਨਾਂ ਦਾ ਵਹਿਮ ਤਾਂ ਆਮ ਕੀਤਾ ਜਾਂਦਾ ਹੈ। ਕਦੇ ਕਹਿੰਦੇ ਹਨ ਸ਼ਨੀਵਾਰ ਠੀਕ ਨਹੀਂ, ਕਦੇ ਕਹਿਣਗੇ, ਸੋਮ, ਮੰਗਲ ਠੀਕ ਨਹੀਂ। ਕੰਮ ਕਾਜ ਦੇ ਕਰਨ ਵਿੱਚ ਇਹ ਬਹੁਤੀ ਵੀਚਾਰ ਕੀਤੀ ਜਾਂਦੀ ਹੈ। ਭਲਾ ਦੱਸੋ ਤਾਂ ਸ਼ਨੀਚਰਵਾਰ ਨੂੰ ਵੀ ਬੱਚੇ ਜੰਮਦੇ ਹਨ ਅਤੇ ਮੰਗਲਵਾਰ ਨੂੰ ਵੀ ਜੰਮਦੇ ਹਨ, ਕੀ ਉਨ੍ਹਾਂ ਬੱਚਿਆਂ ਨੂੰ ਆਪਾਂ ਸਵੀਕਾਰ ਨਹੀਂ ਕਰਾਂਗੇ? ਮੰਗਲਵਾਰ ਦਾ ਤਾਂ ਬਹੁਤਾ ਹੀ ਵਹਿਮ ਕੀਤਾ ਜਾਂਦਾ ਹੈ। ਇਹ ਸ਼ਗਨ-ਅਪਸ਼ਗਨ, ਫਜ਼ੂਲ ਹਨ। ਪਰਮਾਤਮਾ ਦੇ ਕੀਤੇ ਸਾਰੇ ਦਿਨ ਇਕੋ ਜਿਹੇ ਹਨ। ਗੁਰੂ ਫੁਰਮਾਨ ਹੈ :-

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥
ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ (ਅੰਗ-੪੮)

ਜੇਕਰ ਨਾਮ ਜਪਦੇ ਹਾਂ ਤਾਂ ਸਾਸਤ੍ਰਾਂ ਦੇ ਕਰਮ ਕਾਂਡ ਅਤੇ ਸ਼ਗਨ-ਅਪਸ਼ਗਨ ਸਾਰੇ ਨਾਮ ਦੇ ਅੰਦਰ ਆ ਜਾਂਦੇ ਹਨ, ਭਾਵ ਸ਼ਗਨ-ਅਪਸ਼ਗਨ ਕੋਈ ਨਹੀਂ ਲੱਗਦੇ। ਗੁਰਸਿੱਖ ਦਿਨਾਂ ਦੇ, ਮਹੂਰਤਾਂ ਦੇ, ਸਮੇਂ ਦੇ ਸ਼ਗਨ-ਅਪਸ਼ਗਨ ਨਹੀਂ ਮੰਨਦਾ। ਗੁਰੂ ਨੇ ਅਪਣੇ ਚਰਨਾਂ ਦੀ ਪ੍ਰੀਤੀ ਬਖਸ਼ੀ ਹੈ ਅਤੇ ਅਪਣੇ ਚਰਨਾਂ ਵਿੱਚ ਨਿਥਾਵੇ ਨੂੰ ਥਾਂ ਦਿੱਤੀ ਹੈ :-

ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥ (ਅੰਗ-੪੮)

ਸਤਿਗੁਰੂ ਨੇ ਅੱਠ ਪਹਰ ਹੀ ਨਾਮ ਦੀ ਸੱਚੀ ਪੂੰਜੀ ਅਤੇ ਸਰਬ-ਸੰਤੋਖ ਬਖਸ਼ਿਆ ਹੈ। ਸੋ ਨਾਮ ਜਪ ਕੇ ਹਰ ਤਰ੍ਹਾਂ ਤੋਂ ਤ੍ਰਿਪਤ ਰਹਿੰਦੇ ਹਾਂ।

ਵਾਰਾਂ ਦੇ ਸਬੰਧ ਵਿੱਚ 'ਵਾਰ ਸਤ' ਬਾਣੀ ਵਿੱਚ ਸ੍ਰੀ ਗੁਰੂ ਅਮਰਦਾਸ ਜੀ, ਤੀਜੇ ਪਾਤਸ਼ਾਹ ਸ਼ਨੀਵਾਰ ਨੂੰ ਸਾਹਮਣੇ ਰੱਖ ਕੇ ਆਖਦੇ ਹਨ :-

**ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥**
**ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥** (ਅੰਗ-੮੪੧)

ਸ਼ਨੀਵਾਰ ਨੂੰ ਸ਼ਾਸ਼ਤਰਾਂ ਵਲੋਂ ਪਾਏ ਗਏ ਭਰਮ-ਭੁਲੇਖਿਆਂ ਦੇ ਅਨੁਸਾਰ ਪ੍ਰਾਣੀ ਸ਼ਗਨ ਅਪਸ਼ਗਨ ਦੀ ਵੀਚਾਰ ਕਰਦਾ ਹੈ। ਕਿਹੜਾ ਕਰਮ ਤੇ ਕਿਹੜਾ ਦਿਨ ਚੰਗਾ ਹੈ, ਇਹ ਨਿਰਾ ਭਰਮ ਹੈ ਅਤੇ ਹਉਮੈ ਹੰਕਾਰ ਵਿੱਚ ਫਸੇ ਮਨੁੱਖ ਦੇ ਕੰਮ ਹਨ। ਪ੍ਰਾਣੀ ਇੱਕ ਵਾਹਿਗੁਰੂ ਜੀ ਨੂੰ ਛੱਡ ਕੇ ਅੰਧਿਆਰਾ, ਅਗਿਆਨੀ ਹੋ ਕੇ ਵਹਿਮ ਭਰਮ ਕਰਦਾ ਹੈ ਅਤੇ ਜਮਾਂ ਦੀਆਂ ਚੋਟਾਂ ਖਾਂਦਾ ਹੈ। ਚਾਹੀਦਾ ਤਾਂ ਹੈ ਕਿ ਸਤਿਗੁਰੂ ਦੀ ਸ਼ਰਨ ਵਿੱਚ ਆ ਜਾਵੇ, ਜਿੱਥੋਂ ਸਦਾ ਸੁੱਖ ਮਿਲਦਾ ਹੈ। ਸਤਿਗੁਰੂ ਦੀ ਸ਼ਰਨ ਵਿੱਚ ਆ ਕੇ ਕੇਵਲ ਇੱਕ ਵਾਹਿਗੁਰੂ ਦਾ ਓਟ ਆਸਰਾ ਤਕਾਵੇ ਅਤੇ ਵਾਹਿਗੁਰੂ ਦਾ ਨਾਮ ਜਪੇ। ਸਦਾ ਸੁੱਖ ਪ੍ਰਾਪਤ ਹੋਵੇਗਾ।

ਜੋ ਪ੍ਰਾਣੀ ਵਾਰਾਂ, ਥਿੱਤਾਂ ਦਾ ਧਿਆਨ ਰੱਖ ਕੇ, ਅਪਣੇ ਕੰਮ ਕਾਜ ਕਰਦਾ ਹੈ, ਜਾਂ ਥਿੱਤਾਂ ਵਾਰਾਂ ਨੂੰ ਮਨਾਉਂਦਾ ਹੈ, ਸਤਿਗੁਰੂ ਜੀ ਉਸਨੂੰ ਮੂਰਖਾਂ ਦਾ ਮੂਰਖ, ਅਨਪੜ੍ਹ, ਗੰਵਾਰ ਆਖਦੇ ਹਨ। ਗੁਰੂ ਵਾਕ ਹਨ :-

**ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥**
**ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥**
**ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ॥**
(ਅੰਗ-੮੪੩੯)

ਸਤਿਗੁਰੂ ਆਖਦੇ ਹਨ ਕਿ ਕਰਣ ਕਰਾਵਨਹਾਰ ਪ੍ਰਭੂ ਆਪ ਹੈ। ਪ੍ਰਭੂ ਜੋ ਕੁਝ ਸੰਸਾਰ ਵਿੱਚ ਕਰਨਾ ਚਾਹੁੰਦਾ ਹੈ, ਉਹੋ ਹੁੰਦਾ ਹੈ। ਥਿੱਤੀ-ਵਾਰ ਵੀ ਉਸ ਦੇ ਹੁਕਮ ਵਿੱਚ ਹੀ ਚਲਦੇ ਹਨ। ਜੇਕਰ ਕੋਈ ਦਿਨਾਂ ਨੂੰ, ਥਿੱਤਾਂ (ਏਕਮ-ਦੂਜ, ਇਕਾਦਸੀ, ਦੁਆਸਦੀ ਆਦਿ) ਨੂੰ ਮਨਾਉਂਦਾ ਹੈ। ਵਹਿਮ ਭਰਮ ਵਿੱਚ ਪੈ ਕੇ ਕਰਮ ਕਾਂਡ ਕਰਦਾ ਹੈ ਤਾਂ ਇਹ ਦੂਜਾ ਭਾਉ (ਪਿਆਰ) ਅਤੇ ਭੈ ਹੈ।

ਵਾਹਿਗੁਰੂ ਜੀ ਨੂੰ ਛੱਡ ਕੇ ਫੋਕੇ ਪਾਸੇ, ਦੂਜੇ ਪਾਸੇ ਬੰਦਾ ਲਗਦਾ ਹੈ। ਸਤਿਗੁਰੂ ਤੋਂ ਬਗੈਰ ਜੋ ਵੀ ਕਰਮ ਕਾਂਡ ਕੀਤੇ ਜਾਂਦੇ ਹਨ, ਸਭ ਅੰਧ-ਗੁਬਾਰ, ਘੁੱਪ ਅੰਧੇਰੇ ਵਿੱਚ ਕੀਤੇ ਜਾਂਦੇ ਹਨ, ਜੋ ਜੀਵਨ ਨੂੰ ਬੇਅਰਥ ਗਵਾਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਪ੍ਰਾਣੀ ਗੁਰੂ

ਪਾਸੋਂ ਇਨ੍ਹਾਂ ਸਾਰੀਆਂ ਗੱਲਾਂ ਦੀ ਸੋਝੀ ਲਵੇ ਅਤੇ ਕੇਵਲ ਇੱਕ ਨਾਮ ਨਾਲ ਸਦਾ ਜੁੜਿਆ ਰਹੇ, ਮੂਰਖ ਨਾ ਬਣਿਆ ਰਹੇ ਅਤੇ ਅਪਣਾ ਜੀਵਨ ਫੋਕੇ ਕਰਮ ਕਾਂਡ ਵਿੱਚ ਹੀ ਬਤੀਤ ਨਾ ਕਰਦਾ ਰਹੇ।

ਕਈ ਲੋਕੀਂ 'ਚੌਂਕਾ' (ਭੋਜਨ ਪਕਾਉਂਣ ਦੀ ਥਾਂ) ਨੂੰ ਪਵਿੱਤ੍ਰ ਰੱਖਣ ਲਈ 'ਕਾਰ' ਕਢਦੇ ਹਨ। ਗੋਬਰ ਨਾਲ ਲੇਪਨ ਕਰਦੇ, ਹੋਰ ਕਈ ਕਿਸਮ ਦੀਆਂ ਧੂਪ ਬੱਤੀਆਂ ਕਰਦੇ ਹਨ। ਗੁਰੂ-ਗੁਰਬਾਣੀ ਅਨੁਸਾਰ ਚੌਂਕੇ ਦੀ ਸੁੱਚਮ ਤੋਂ ਸੁਰਤ ਦੀ ਕਾਰ ਨੂੰ ਪਵਿੱਤਰ ਕਰਨਾ ਚਾਹੀਦਾ ਹੈ। ਸੱਚੀ ਰਹਿਤ ਜੋ ਹੈ ਉਹ ਪਰਮਾਤਮਾ ਦੇ ਨਾਮ ਦੀ ਹੋਵੇ, ਇਸ ਤਰ੍ਹਾਂ ਸਦਾ ਪਵਿੱਤਰ ਅਤੇ ਤ੍ਰਿਪਤ ਰਹੋਗੇ, ਜਿਨ੍ਹਾਂ ਦੇ ਹਿਰਦੇ ਵਿੱਚ ਨਾਮ-ਸਿਮਰਨ ਦਾ ਨਿਵਾਸ ਹੋ ਜਾਵੇ :

ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥

(ਅੰਗ-੧੦੪੮)

ਜਨਮ ਸਮੇਂ ਦਾ ਸੂਤਕ (ਅਪਵਿਤ੍ਰਤਾ) ਮੰਨੀ ਜਾਂਦੀ ਹੈ। ਕਈ ਕਈ ਦਿਨ ਇਸਤਰੀ ਚੌਂਕੇ ਵਿੱਚ ਭੋਜਨ ਆਦਿ ਨਹੀਂ ਬਣਾ ਸਕਦੀ। ਭਿੱਟ ਸਮਝੀ ਜਾਂਦੀ ਹੈ। ਆਸਾ ਕੀ ਵਾਰ ਵਿੱਚ ਸਤਿਗੁਰੂ ਜੀ ਦਰਸਾਉਂਦੇ ਹਨ :-

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥

(ਅੰਗ-੪੭੨)

ਜੇਕਰ ਸੂਤਕ (ਅਪਵਿੱਤ੍ਰਤਾ) ਨੂੰ ਮੰਨਣਾ ਕਰੀਏ ਤਾਂ ਗੋਹੇ ਅਤੇ ਲਕੜੀ ਅੰਦਰ ਵੀ ਕੀੜਾ ਹੁੰਦਾ ਹੈ। ਜਿੰਨੇ ਵੀ ਅੰਨ ਦੇ ਦਾਣੇ ਹਨ, ਸਭ ਵਿੱਚ ਜੀਵ ਹਨ। ਪਹਿਲਾਂ ਤਾਂ ਪਾਣੀ ਹੀ ਜੀਵ ਹੈ ਜੋ ਸਭ ਨੂੰ ਜਾਨ ਦਿੰਦਾ ਹੈ। ਸੋ ਇਸ ਤਰ੍ਹਾਂ ਰਸੋਈ ਵਿੱਚ ਸੂਤਕ ਹੀ ਸੂਤਕ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ। ਸੂਤਕ ਦੀ ਪਵਿੱਤ੍ਰਰਤਾ ਤਾਂ ਗਿਆਨ ਨਾਲ ਦੂਰ ਹੁੰਦੀ ਹੈ। ਸਾਰਾ ਸੂਤਕ ਇੱਕ ਵੱਡਾ ਭਰਮ ਹੈ। ਜੰਮਣ-ਮਰਣਾ ਤਾਂ ਇੱਕ ਹੁਕਮ ਵਿੱਚ ਹੁੰਦਾ ਹੈ। ਖਾਣਾ ਪੀਣਾ ਵੀ ਸਾਰਾ ਪਵਿੱਤ੍ਰ ਹੈ, ਵਾਹਿਗੁਰੂ ਜੀ ਨੇ ਸਭ ਨੂੰ ਰਿਜ਼ਕ ਦਿੱਤਾ ਹੈ। ਜੋ ਕੋਈ ਗੁਰਮੁਖ ਬਣ ਕੇ ਗੁਰੂ ਦੁਆਰਾ ਇਸ ਭੇਦ ਨੂੰ ਸਮਝ ਲੈਂਦਾ ਹੈ, ਉਨ੍ਹਾਂ ਨੂੰ ਕੋਈ ਸੂਤਕ ਨਹੀਂ ਲੱਗਦਾ:-

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥ (ਅੰਗ-੪੭੨)

ਹੈਰਾਨੀ ਦੀ ਗੱਲ ਹੈ ਕਿ ਛਿੱਕ, ਹਿਜਕੀ ਆਦਿ ਦਾ ਵੀ ਅਪਸ਼ਗਨ ਮੰਨਦੇ ਹਨ। ਘਰੋਂ ਬਾਹਰ ਤੁਰਨ ਲੱਗੇ ਕਿਸੇ ਨੇ ਛਿੱਕ ਮਾਰ ਦਿੱਤੀ, ਬਸ ਹੋ ਗਿਆ ਅਪਸ਼ਗਨ, ਹਿਜਕੀ ਆ ਗਈ, ਕੰਮ ਖਰਾਬ। ਬਿੱਲੀ, ਕੁੱਤੇ ਨੇ ਰਾਹ ਕੱਟ ਦਿੱਤਾ, ਕਹਿੰਦੇ ਕੋਈ ਖਤਰਾ ਹੈ। ਹੱਦ ਹੋ ਗਈ ਬਿੱਲੀ, ਕੁੱਤੇ ਨੂੰ ਹੀ ਅੰਤਰਜਾਮੀ ਮੰਨ ਲਿਆ ਕਿ ਇਸ ਨੂੰ ਪਤਾ ਹੈ ਬਈ, ਜਿਸ ਕੰਮ ਤੇ ਜਾਉਗੇ, ਨਹੀਂ ਹੋਵੇਗਾ ਵਿਘਨ ਪਵੇਗਾ। ਕਿੰਨੀ ਬੇਸਮਝੀ ਦੀ ਗੱਲ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :-

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥ ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥ ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥ ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥ (ਅੰਗ-੪੦੧)

ਭਾਈ ! ਸ਼ਗਨ , ਬਦਸ਼ਗਨ ਤਾਂ ਉਸ ਨੂੰ ਲੱਗਦੇ ਹਨ ਜੋ, ਮਨਮੁਖ ਹਨ, ਗੁਰੂ ਵਾਲੇ ਨਹੀਂ। ਗੁਰੂ-ਗੁਰਬਾਣੀ ਨਾਲ ਜੁੜ ਕੇ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਕੋਈ ਸ਼ਗਨ-ਬਦਸ਼ਗਨ ਨਹੀਂ ਹੁੰਦਾ। ਵਾਹਿਗੁਰੂ ਜੀ ਐਸੇ ਡਰ-ਭੈ, ਵਹਿਮ-ਭਰਮ ਨੂੰ ਸਾਡੇ ਕੋਲੋਂ ਦੂਰ ਰੱਖਦੇ ਹਨ। ਪੁੰਨ-ਦਾਨ, ਜਪ-ਤਪ ਜਿੰਨੇ ਵੀ ਕਰਮ ਹਨ, ਸਾਰਿਆਂ ਤੋਂ ਉਪਰ ਦੀ ਵਸਤੂ ਪਰਮਾਤਮਾ ਦਾ ਨਾਮ ਹੈ। ਇਸ ਦੇ ਜਪਣ ਨਾਲ ਭਰਮ ਮੋਹ ਦੂਰ ਹੋ ਜਾਂਦੇ ਹਨ, ਕੋਈ ਵਾਹਿਗੁਰੂ ਤੋਂ ਬਿਨਾਂ ਦੂਜਾ ਨਜ਼ਰ ਨਹੀਂ ਆਉਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਗਰੰਟੀ ਲੈਂਦੇ ਹਨ ਕਿ ਨਾਮ ਦਾ ਕਰਮ ਕਰਨ ਨਾਲ ਦੁੱਖ ਦੂਰ ਰਹਿੰਦੇ ਹਨ।

ਜਿੰਨੇ ਵੀ ਵਹਿਮ ਭਰਮ ਸਾਡੇ ਅੰਦਰ ਪੈਦਾ ਹੁੰਦੇ ਹਨ, ਉਨ੍ਹਾਂ ਸਾਰਿਆਂ ਦਾ ਇਲਾਜ ਸਤਿਗੁਰੂ ਜੀ ਦੱਸਦੇ ਹਨ :-

ਸੋ ਘਰੁ ਦਯਿ ਵਸਾਇਆ ॥ ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥ ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥ (ਅੰਗ-੬੨੬)

ਜਿਸ ਪਾਰਬ੍ਰਹਮ ਪ੍ਰਮੇਸਰ ਨੇ ਸਾਡੇ ਚਿੱਤ ਅੰਦਰ ਅਪਣੇ ਨਾਮ ਦਾ ਵਾਸਾ ਕੀਤਾ ਹੈ, ਉਸ ਪ੍ਰਭੂ ਨੇ ਸਾਡੇ ਅੰਦਰ ਅਪਣਾ ਘਰ ਬਣਾ ਲਿਆ ਹੈ। ਇਸ ਤਰ੍ਹਾਂ ਸਤਿਗੁਰੂ ਦੀ ਕਿਰਪਾ ਸਦਕਾ ਅਸੀਂ ਸੁੱਖਾਂ ਦੇ ਸਾਗਰ ਨੂੰ ਪਾ ਲਿਆ ਹੈ ਅਤੇ ਸਾਡੇ ਸਾਰੇ ਵਹਿਮ-ਭਰਮ ਮਿਟ ਗਏ ਹਨ।

(ਬਾਕੀ 8 ਪੰਨੇ ਤੇ ਪੜ੍ਹੋ)

# ਵਿਚਿ ਦੁਨੀਆ ਸੇਵ ਕਮਾਈਐ

ਸ.ਹਰੀ ਸਿੰਘ ਕੁਵੈਤ ਵਾਲੇ, ਮੋਬਾਇਲ ਨੰਬਰ : 98140-07847

ਸਿੱਖੀ ਸਿਧਾਂਤ ਵਿੱਚ ਤਿੰਨ ਪ੍ਰਕਾਰ ਦੀ ਸੇਵਾ ਪ੍ਰਵਾਨ ਕੀਤੀ ਜਾਂਦੀ ਹੈ ਜਿਵੇਂ ਤਨ, ਮਨ ਅਤੇ ਧਨ ਦੀ ਸੇਵਾ। ਤਨ ਨਾਲ ਸੇਵਾ ਕਿਸੇ ਵੀ ਗੁਰੂ ਘਰ ਜਾਂ ਧਾਰਮਿਕ ਅਸਥਾਨ ਤੇ ਜਾ ਕੇ ਲੰਗਰ ਬਨਾਉਣ, ਵਰਤਾਉਣ, ਸੰਗਤ ਦੀ ਸੇਵਾ ਕਰਨੀ, ਸਫਾਈ ਕਰਨੀ ਜਾ ਜੋੜਿਆਂ ਦੀ ਸੰਭਾਲ ਕਰਨ ਦੀ ਸੇਵਾ ਕੀਤੀ ਜਾ ਸਕਦੀ ਹੈ। ਕਿਸੇ ਅਪਾਹਜ ਜਾਂ ਦੁੱਖੀ ਦਾ ਸਹਾਰਾ ਬਣਕੇ ਤਨ ਨਾਲ ਸੇਵਾ ਕੀਤੀ ਜਾ ਸਕਦੀ ਹੈ। ਮਨ ਸਾਡੇ ਸਰੀਰ ਦਾ ਰਾਜਾ ਹੈ। ਉਸ ਦੇ ਅੰਦਰ ਜੋ ਵੀ ਸੋਚ ਆਉਂਦੀ ਹੈ ਉਹ ਸਰੀਰ ਨੂੰ ਹੁਕਮ ਕਰਦਾ ਹੈ ਕਿ ਇਹ ਜਰੂਰ ਕਰੋ। ਇਸ ਲਈ ਜੇ ਸਾਡੇ ਅੰਦਰ ਸੇਵਾ ਕਰਨ ਦੇ ਵਿਚਾਰ ਆਉਂਦੇ ਰਹਿਣਗੇ ਤਾਂ ਸੇਵਾ ਆਪਣੇ ਆਪ ਹੋ ਜਾਵੇਗੀ। ਇਸੇ ਤਰ੍ਹਾਂ ਕਿਸੇ ਗਰੀਬ ਜਾਂ ਲੋੜਵੰਦ ਦੀ ਆਪਣੇ ਦਸਵੰਧ ਦੇ ਧਨ ਨਾਲ ਸੇਵਾ ਕਰਕੇ ਆਪਣੇ ਗੁਰੂ ਦੀ ਖੁਸ਼ੀ ਪ੍ਰਾਪਤ ਕਰ ਸਕਦੇ ਹਾਂ। ਕਿਸੇ ਦੀਨ ਦੁੱਖੀ ਦੀ ਅਸੀਂ ਸੇਵਾ ਕਰਦੇ, ਉਸ ਪਾਸੋਂ ਇਹ ਨ ਸੋਚੋ ਕਿ ਉਹ ਸਾਡਾ ਧੰਨਵਾਦ ਕਰੇ। ਸਗੋਂ ਸਾਨੂੰ ਉਸ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤੇਰੀ ਕਿਰਪਾ ਹੈ ਸਾਨੂੰ ਤੇਰੀ ਸੇਵਾ ਕਰਨ ਦਾ ਅਵਸਰ ਮਿਲਿਆ ਹੈ। ਜਿਵੇਂ ਜੇ ਅਸੀਂ ਕਿਸੇ ਬੱਚੇ ਨਾਲ ਪਿਆਰ ਕਰਦੇ ਹਾਂ, ਉਸ ਦੀ ਮਾਂ ਸਾਡੇ ਤੇ ਖੁਸ਼ ਹੋ ਜਾਂਦੀ ਹੈ ਤਿਵੇਂ ਜਦੋਂ ਪਰਮਾਤਮਾ ਦੇ ਪੈਦਾ ਕੀਤੇ ਹੋਏ ਜੀਵਾਂ ਦੀ ਤਨ, ਮਨ ਤੇ ਧਨ ਨਾਲ ਸੇਵਾ ਕਰਦੇ ਹਾਂ ਤਾਂ ਪ੍ਰਮਾਤਮਾ ਸਾਡੇ ਤੇ ਖੁਸ਼ ਹੁੰਦਾ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ :-

**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥**
**ਕਹੁ ਨਾਨਕ ਬਾਹ ਲੁਡਾਈਐ ॥੪॥੩੩॥** (ਅੰਗ-੨੬)

ਸਾਨੂੰ ਇਸ ਦੁਨੀਆਂ ਵਿੱਚ ਆ ਕੇ ਪ੍ਰਭੂ ਦੀ ਸੇਵਾ (ਸਿਮਰਨ) ਕਰਨੀ ਚਾਹੀਦੀ ਹੈ ਤਦੋਂ ਹੀ ਉਸ ਦੀ ਹਜੂਰੀ ਵਿੱਚ ਬੈਠਣ ਨੂੰ ਥਾਂ ਮਿਲਦੀ ਹੈ ਤੇ ਬੇਫ਼ਿਕਰ ਹੋ ਕੇ ਜਾਈਦਾ ਹੈ।

ਸਾਨੂੰ ਜਿਥੇ ਤਕ ਹੋ ਸਕੇ ਵੱਧ ਤੋਂ ਵੱਧ ਸੇਵਾ ਕਰਨ ਦਾ ਉੱਦਮ ਤੇ ਯਤਨ ਕਰਦੇ ਰਹਿਣਾ ਚਾਹੀਦਾ ਹੈ ਤੇ ਨਾਲ ਨਾਲ ਪਰਮਾਤਮਾ ਅਗੇ ਸੱਚੇ ਦਿਲੋਂ ਅਰਦਾਸਾਂ ਵੀ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਉਹੀ ਹੀ ਮਨੁੱਖ ਸੇਵਾ ਭਗਤੀ ਕਰ ਸਕਦਾ ਹੈ ਜਿਸ ਨੂੰ ਉਹ ਆਪ ਇਸ ਵਿੱਚ ਜੋੜਦਾ ਹੈ, ਨਹੀਂ ਤਾਂ ਦੂਸਰੇ ਜੀਵਨ-ਰਾਹ ਤੋਂ ਖੁੰਝੇ ਰਹਿੰਦੇ ਹਨ:-

**ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥**
**ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ ॥੩॥** (ਅੰਗ-੧੦੧੧)

ਇਸ ਤਰ੍ਹਾਂ ਗੁਰੂ ਜੀ ਹੋਰ ਸਮਝਾਉਂਦੇ ਹਨ ਕਿ ਗੁਰੂ ਜੀ ਦੀ ਦੱਸੀ ਸੇਵਾ ਕਰਨ ਤੋਂ

ਬਿਨਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਹੈ :-

**ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥**(ਅੰਗ-੧੦੧੩)

**ਗੁਰ ਸੇਵਾ ਬਿਨੁ ਭਗਤਿ ਨ ਹੋਈ ॥ ਅਨੇਕ ਜਤਨ ਕਰੈ ਜੇ ਕੋਈ ॥**
**ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ ॥**(ਅੰਗ-੧੩੪੨)

**ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥**
**ਦੂਖੁ ਸੂਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥**(ਅੰਗ-੩੪੫)

ਸੇਵਾ ਤੇ ਸਿਮਰਨ ਸਿੱਖੀ ਬੇੜੇ ਦੇ ਦੋ ਚਪੂ ਕਹੇ ਜਾ ਸਕਦੇ ਹਨ। ਜਿਨ੍ਹਾਂ ਨਾਲ ਅਸੀਂ ਬੜੀ ਅਸਾਨੀ ਨਾਲ ਇਸ ਭਵਸਾਗਰ ਤੋਂ ਪਾਰ ਹੋ ਸਕਦੇ ਹਾਂ। ਸੇਵਾ ਕਰਕੇ ਅਸੀਂ ਸੰਸਾਰ ਨਾਲ ਜੁੜਦੇ ਹਾਂ ਤੇ ਸਿਮਰਨ ਕਰਕੇ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ। ਸੇਵਾ ਆਪਣੇ ਤੋਂ ਨੀਵੇਂ ਦੀ ਕਰਨੀ ਹੈ ਤਾਂ ਜੋ ਉਹ ਉੱਪਰ ਉਠ ਸਕੇ, ਪਰ ਸਿਮਰਨ ਸਭ ਤੋਂ ਵੱਡੇ ਪਰਮਾਤਮਾ ਦਾ ਕਰਨਾ ਹੈ ਤਾਂ ਜੋ ਉਸਦੇ ਗੁਣ ਗਾਉਂਦੇ ਹੋਏ ਉਸ ਦੀ ਯਾਦ ਸਾਡੇ ਅੰਦਰ ਬਣੀ ਰਹੇ।

ਸੇਵਾ ਸਿੱਖ ਕੌਮ ਦਾ ਅਟੁੱਟ ਅੰਗ ਹੈ। ਸਾਨੂੰ ਗੁਰੂ ਸਾਹਿਬਾਨ ਤੇ ਭਗਤਾਂ ਦੇ ਜੀਵਨ ਤੋਂ ਬਹੁਤ ਪ੍ਰੇਰਨਾ ਮਿਲਦੀ ਹੈ, ਜਿਵੇਂ ਬਾਬਾ ਅਮਰਦਾਸ ਜੀ ਨੇ ਬਿਰਧ ਅਵਸਥਾ ਵਿੱਚ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ੧੨ ਸਾਲ ਅਣਥੱਕ ਸੇਵਾ ਕੀਤੀ ਅਤੇ ਗੁਰੂ ਜੀ ਨੇ ਇਸ ਸੇਵਾ ਤੇ ਖੁਸ਼ ਹੋ ਕੇ ਬਾਬਾ ਜੀ ਨੂੰ ਆਪਣੀ ਗੁਰਿਆਈ ਸੌਂਪ ਕੇ ਗੁਰੂ ਅਮਰਦਾਸ ਸਾਹਿਬ ਬਣਾ ਦਿਤਾ। ਇਸੇ ਤਰ੍ਹਾਂ ਭਾਈ ਮਰਦਾਨਾ ਜੀ ਤੇ ਭਾਈ ਘਨਈਆ ਜੀ ਅਤੇ ਵਰਤਮਾਨ ਸਮੇਂ ਤਕ ਸੇਵਾ ਦੀਆਂ ਅਨੇਕਾ ਉਦਾਹਰਣਾਂ ਮਿਲ ਜਾਣਗੀਆਂ। ਭਾਈ ਮਰਦਾਨਾ ਜੀ ਨੇ ਸਾਰੀ ਉਮਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ। ਹੋਰ ਜਦ ਵੀ ਸਾਡੀ ਜੁਬਾਨ ਤੇ ਸੇਵਾ ਦਾ ਲਫਜ਼ ਦਾ ਜਿਕਰ ਹੁੰਦਾ ਹੈ ਤਾਂ ਸਾਡੀਆਂ ਅੱਖਾਂ ਸਾਮ੍ਹਣੇ ਭਾਈ ਘਨਈਆ ਜੀ ਦਾ ਜੰਗ ਦੇ ਮੈਦਾਨ ਵਾਲੀ ਸੇਵਾ ਤੇ ਭਗਤ ਪੂਰਨ ਸਿੰਘ ਜੀ ਵੱਲੋਂ ਕੀਤੀ ਸੇਵਾ ਦਾ ਦ੍ਰਿਸ਼ ਸਹਿਜ ਸਭਾਅ ਹੀ ਨਜ਼ਰੀ ਆ ਜਾਂਦਾ ਹੈ।

ਆਮ ਕਹਾਵਤ ਹੈ 'ਸੇਵਾ ਨੂੰ ਮੇਵਾ ਲੱਗਦਾ ਹੈ ਕਰਕੇ ਕੋਈ ਵੇਖ ਲਵੈ'। ਇਹ ਬਿਲਕੁਲ ਸਚ ਹੈ ਪਰ ਜੇ ਸੇਵਾ ਨਿਮਰਤਾ ਭਾਵ ਨਾਲ ਤਨੋ, ਮਨੋ ਕਰਕੇ ਗੁਰੂ ਨੂੰ ਅਰਪਨ ਕਰ ਦਿੱਤੀ ਜਾਵੇ। ਖਿਆਲ ਰਹੇ ਕਿ ਜੇ ਅਸੀਂ ਸੇਵਾ ਕਰਦੇ ਸਮੇਂ ਆਕੜ ਨਾਲ ਭਰ ਗਏ ਕਿ ਮੈਂ ਬਹੁਤ ਵੱਡਾ ਸੇਵਾਦਾਰ ਹਾਂ ਤਾਂ ਫਿਰ ਉਹ ਸੇਵਾ ਪ੍ਰਵਾਨ ਨਾ ਹੋਈ ਕਿਉਂਕਿ ਜਿਸ ਸੇਵਾ ਨਾਲ ਸਾਡਾ ਹੰਕਾਰ ਲੱਗ ਗਿਆ ਉਹ ਅਪਵਿੱਤਰ ਹੋ ਗਈ :-

**ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥**
**ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥**(ਅੰਗ-੬੩੫)

ਗੁਰੂ ਜੀ ਸਮਝਾਉਂਦੇ ਹਨ ਕਿ ਸਾਡੇ ਪਾਸ ਜੋ ਵੀ ਹੈ ਉਹ ਸਭ ਕੁਝ ਪ੍ਰਮਾਤਮਾ ਦਾ

ਦਿੱਤਾ ਹੋਇਆ ਹੈ। ਇਹ ਜਿੰਦ, ਸ਼ਕਤੀ ਤੇ ਸਰੀਰ ਆਪਦੇ ਦਿੱਤੇ ਹੋਏ ਹਨ ਤਾਂ ਸੋਚੋ ਕਿ ਅਸੀਂ ਇਹ ਆਖਣ ਦਾ ਕਿਵੇਂ ਫਖ਼ਰ ਕਰ ਸਕਦੇ ਹਾਂ ਕਿ ਅਸੀਂ ਤੇਰੀ ਸੇਵਾ ਕੀਤੀ ਹੈ।

ਨਿਸ਼ਕਾਮ ਸੇਵਾ ਹੀ ਪਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦੀ ਹੈ। ਵੇਖੋ, ਮਾਂ ਆਪਣੇ ਬੱਚੇ ਨੂੰ ਪਹਿਲਾਂ ਨੌਂ ਮਹੀਨੇ ਆਪਣੇ ਗਰਭ ਵਿੱਚ ਰੱਖਕੇ ਤੇ ਪ੍ਰਸੂਤ ਦੀਆਂ ਪੀੜਾਂ ਝੱਲਦੀ ਹੋਈ ਜਨਮ ਦਿੰਦੀ ਹੈ। ਬੱਚੇ ਦੀ ਬਚਪਨ ਵਿੱਚ ਹਰ ਪ੍ਰਕਾਰ ਦੀ ਸੇਵਾ ਸੰਭਾਲ ਕਰਕੇ ਪਾਲਦੀ ਹੈ। ਆਪਣੇ ਆਪ ਨੂੰ ਦੁੱਖਾਂ ਮੁਸੀਬਤਾਂ ਵਿੱਚ ਪਾ ਕੇ ਬੱਚੇ ਨੂੰ ਹਰ ਪ੍ਰਕਾਰ ਦਾ ਸੁੱਖ ਦੇਣ ਦਾ ਯਤਨ ਕਰਦੀ ਹੈ। ਮਾਂ ਦਾ ਇਹ ਵਰਤਾਓ ਪ੍ਰਤੱਖ ਨਿਸ਼ਕਾਮ ਸੇਵਾ ਕਿਹਾ ਜਾ ਸਕਦਾ ਹੈ। ਜੇ ਹੁਣ ਇਹ ਕਹੀਏ ਕਿ ਮਾਂ ਦੀ ਇਸ ਸੇਵਾ ਪਿਛੇ ਉਸ ਦੀ ਕੋਈ ਖਾਹਿਸ਼ ਛੁਪੀ ਹੈ ਕਿ ਬੱਚਾ ਵੱਡਾ ਹੋ ਕੇ ਬੁੱਢਾਪੇ ਵਿੱਚ ਉਸਦਾ ਸਹਾਰਾ ਬਣੇਗਾ ਤਾਂ ਇਹ ਗਲਤ ਹੈ। ਕਿਉਂਕਿ ਮਾਵਾਂ ਨੇ ਉਨ੍ਹਾਂ ਬਿਮਾਰ ਤੇ ਅਪਾਹਜ ਬੱਚਿਆਂ ਨੂੰ ਵੀ ਉਸੇ ਲਗਨ ਤੇ ਪਿਆਰ ਨਾਲ ਪਾਲਿਆ, ਜਿਨ੍ਹਾਂ ਪਾਸੋਂ ਉਨ੍ਹਾਂ ਨੂੰ ਐਸੀ ਕੋਈ ਆਸ ਪੂਰੀ ਹੋਣੀ ਦੀ ਆਸ ਨਹੀਂ। ਇਸ ਲਈ ਸਾਡੀ ਸੇਵਾ ਵੀ ਇੱਕ ਮਾਂ ਵਾਂਗ ਨਿਸ਼ਕਾਮ ਤੇ ਕੁਰਬਾਨੀ ਵਾਲੀ ਹੋਣੀ ਚਾਹੀਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਾਰੂ ਰਾਗ ਵਿੱਚ ਹੋਰ ਸਮਝਾਉਂਦੇ ਹਨ ਕਿ ਗੁਰੂ ਦੀ ਸੇਵਾ ਕੀਤਿਆਂ ਸਦਾ ਸੁੱਖ ਮਿਲਦਾ ਹੈ :-

**ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥**
**ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥**
**ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥** (ਅੰਗ-੧੦੧੧)

ਗੁਰੂ ਸਮੁੰਦਰ ਹੈ, ਗੁਰੂ ਅੰਮ੍ਰਿਤ ਨਾਲ ਭਰਿਆ ਹੋਇਆ ਸਰੋਵਰ ਹੈ। ਜੋ ਸੇਵਕ ਗੁਰੂ ਦੀ ਸ਼ਰਨ ਪੈਂਦਾ ਹੈ, ਉਹ ਜੋ ਕੁਝ ਮੰਗਦਾ ਹੈ ਉਹ ਫਲ ਪ੍ਰਾਪਤ ਕਰ ਲੈਂਦਾ ਹੈ। ਗੁਰੂ ਦੀ ਮਿਹਰ ਸਦਕਾ ਸੇਵਕ ਆਪਣੇ ਹਿਰਦੇ ਵਿੱਚ, ਮਨ ਵਿੱਚ ਪਰਮਾਤਮਾ ਦਾ ਨਾਮ ਵਸਾਉਂਦਾ ਹੈ ਇਹ ਅਸਲ ਸਰਮਾਇਆ ਕਦੇ ਮੁਕਣ ਵਾਲਾ ਨਹੀਂ। ਗੁਰੂ ਜਿਸ ਸੇਵਕ ਤੋਂ ਪਰਮਾਤਮਾ ਦਾ ਹੁਕਮ ਮਨਾਉਂਦਾ ਹੈ। ਉਸ ਸੇਵਕ ਨੂੰ ਗੁਰੂ ਦੀ ਦੱਸੀ ਸੇਵਾ ਕਰਦੇ ਹੋਏ ਸਦਾ ਆਨੰਦ ਮਿਲਿਆ ਰਹਿੰਦਾ ਹੈ।

ਸੇਵਾ ਕਰਦੇ ਸਮੇਂ ਸੁਰਤ ਵਿੱਚ ਗੁਰੂ ਦਾ ਧਿਆਨ ਹੋਵੇ ਤੇ ਖਿਆਲ ਰਹੇ ਕਿ ਇਹ ਕੰਮ ਸਾਨੂੰ ਸਾਡੇ ਗੁਰੂ ਨੇ ਸੌਂਪਿਆ ਹੈ ਤੇ ਉਸ ਦੇ ਹੁਕਮ ਅੰਦਰ ਉਸ ਲਈ ਕਰ ਰਹੇ ਹਾਂ। ਜਿਵੇਂ ਇੱਕ ਪੋਸਟਮੈਨ ਸਭ ਨੂੰ ਚਿੱਠੀਆਂ ਵੰਡਣ ਦਾ ਕੰਮ ਕਰ ਰਿਹਾ ਹੈ, ਪਰ ਆਪਣੇ ਆਪ ਨੂੰ ਸਾਡਾ ਨੌਕਰ ਨਹੀਂ ਸਮਝਦਾ। ਬਸ, ਉਹ ਆਪਣੇ ਸਾਹਿਬ ਦਾ ਹੁਕਮ ਨਿਭਾ ਰਿਹਾ ਹੁੰਦਾ ਹੈ ਤੇ ਸਾਰੇ ਕੰਮ ਦੀ ਤਨਖਾਹ ਵੀ ਉਸ ਪਾਸੋਂ ਮਿਲਦੀ ਹੈ। ਜੇ ਕਰ ਸੇਵਾ ਕਰਦੇ ਸਮੇਂ ਸਾਡੇ ਅੰਦਰ ਉਪਰੋਕਤ ਸੋਚ ਬਣੀ ਰਹੇ ਕਿ ਅਸੀਂ ਹਉਂਮੈ ਵਿੱਚ ਨਹੀਂ ਆਵਾਂਗੇ ਤਾਂ ਨਿਸ਼ਕਾਮ

ਸੇਵਾ ਵਾਲੀ ਭਾਵਨਾ ਸਾਡੇ ਅੰਦਰ ਬਣੇ ਰਹੇਗੀ।

ਪ੍ਰਮਾਤਮਾ ਦੀ ਸੇਵਾ ਭਗਤੀ ਤੋਂ ਬਿਨ੍ਹਾਂ, ਕਦੇ ਵੀ ਕੋਈ ਪਰਮਾਤਮਾ ਦੇ ਦਰ ਤੇ ਨਹੀਂ ਪਹੁੰਚ ਸਕਦਾ। ਪਹਿਲੀ ਪਾਤਸ਼ਾਹੀ ਦਾ ਫਰਮਾਨ ਹੈ :-

**ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥** (ਅੰਗ-੯੯੨)

ਬ੍ਰਹਮਾ, ਵਿਸ਼ਨੂੰ, ਸ਼ਿਵ, ਇੰਦਰ ਤੇ ਹੋਰ ਅਨੇਕਾਂ ਰਿਸ਼ੀ ਮੁਨੀ, ਚਾਹੇ ਕੋਈ ਤਪ ਕਰਦਾ ਹੈ ਜਾਂ ਕੋਈ ਤਿਆਗੀ ਹੈ, ਉਹੀ ਪਰਮਾਤਮਾ ਦੇ ਦਰ ਤੇ ਸੋਭਾ ਪਾਉਂਦਾ ਹੈ ਜੋ ਪਰਮਾਤਮਾ ਦਾ ਹੁਕਮ ਮੰਨਦਾ ਹੈ। ਆਪਣੀ ਮਨ-ਮਰਜ਼ੀ ਕਰਨ ਵਾਲੇ ਅਹੰਕਾਰੀ ਆਤਮਿਕ ਮੌਤ ਮਰਦੇ ਹਨ। ਅਸੀਂ ਗੁਰੂ ਰਾਹੀਂ ਇਹ ਵਿਚਾਰ ਕਰਕੇ ਵੇਖ ਲਿਆ ਹੈ ਕਿ ਜੰਗਮ ਹੋਣ, ਜੋਧੇ ਹੋਣ, ਜਤੀ ਹੋਣ, ਸੰਨਿਆਸੀ ਹੋਣ, ਪਰਮਾਤਮਾ ਦੀ ਸੇਵਾ ਭਗਤੀ ਤੋਂ ਬਿਨਾਂ ਕਦੇ ਵੀ ਕੋਈ ਆਪਣੀ ਘਾਲ ਕਮਾਈ ਦਾ ਫਲ ਪ੍ਰਾਪਤ ਨਹੀਂ ਕਰ ਸਕਦਾ। ਸੇਵਾ ਸਿਮਰਨ ਹੀ ਸਭ ਤੋਂ ਸ੍ਰੇਸ਼ਟ ਕਰਣੀ ਹੈ।

ਵੇਖਦੇ ਹਾਂ ਕਿ ਆਮ ਮਨੁੱਖ ਇਸ ਸੰਸਾਰ ਵਿੱਚ ਆ ਕੇ ਆਪਣੇ ਜੀਵਨ ਦੇ ਅਸਲੀ ਮਨੋਰਥ ਪਰਮਾਤਮਾ ਦੀ ਸੇਵਾ-ਭਗਤੀ ਬਾਰੇ ਭੁੱਲ ਜਾਂਦੇ ਹਨ ਤੇ ਬਸ ਧਨ ਦੋਲਤ, ਘਰ-ਬਾਰ ਦੇ ਝਮੇਲੇ, ਧੀਆਂ ਪੁੱਤਰਾਂ ਦਾ ਮੋਹ ਵਿੱਚ ਫਸ ਕੇ ਜੀਵਨ ਵਿਅਰਥ ਚਲਿਆ ਜਾਂਦਾ ਹੈ। ਇਸ ਬਾਰੇ ਬਾਬਾ ਨਾਨਕ ਜੀ ਸੁਚੇਤ ਕਰਦੇ ਹਨ :-

**ਅੰਧੁਲੇ ਕਿਆ ਪਾਇਆ ਜਗਿ ਆਇ ॥**
**ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥**(ਅੰਗ-੧੧੨੬)

ਹੇ ਮਾਇਆ ਦੇ ਮੋਹ ਵਿੱਚ ਅੰਨੇ ਹੋਏ ਜੀਵ, ਤੂੰ ਜਗਤ ਵਿੱਚ ਜਨਮ ਲੈ ਕੇ ਆਤਮਿਕ ਜੀਵਨ ਦੇ ਅਸਲੀ ਲਾਭ ਵੱਲ ਕੁਝ ਵੀ ਨਹੀਂ ਖੱਟਿਆ, ਸਗੋਂ ਤੂੰ ਮੂਲ ਵੀ ਗਵਾ ਲਿਆ ਕਿਉਂਕਿ ਪਰਮਾਤਮਾ ਨੂੰ ਆਪਣੇ ਹਿਰਦੇ ਵਿੱਚ ਨਹੀਂ ਵਸਾਇਆ ਤੇ ਨਾ ਹੀ ਗੁਰੂ ਦੀ ਦੱਸੀ ਸੇਵਾ ਕੀਤੀ।

ਇਸ ਲਈ ਆਓ ਗੁਰੂ ਸਾਹਿਬਾਨਾਂ ਵੱਲੋਂ ਜੋ ਸਾਨੂੰ ਸੇਵਾ ਸਿਮਰਨ ਬਾਰੇ ਉਪਦੇਸ਼ ਹੈ ਉਸ ਤੇ ਚੱਲਦੇ ਹੋਏ ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪਨ ਕਰਕੇ ਆਪਣਾ ਜੀਵਨ ਸਫਲ ਕਰਦੇ ਹੋਏ ਗੁਰੂ ਸਾਹਿਬਾਨਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

-o-o-o-

# ਕਾਮੁ ਕ੍ਰੋਧੁ ਕਾਇਆ ਕਉ ਗਾਲੈ

-ਸ.ਅਮਰੀਕ ਸਿੰਘ (ਡੀ.ਏ.), ਮੋ : 99144-44017

ਧਾਰਮਿਕ ਜਗਤ ਵਿੱਚ ਵਾਸ਼ਨਾ ਦਾ ਬਹੁਤ ਜ਼ਿਕਰ ਹੈ। ਵਾਸ਼ਨਾ ਨਾਲ ਭਰੇ ਹਿਰਦੇ ਵਿਚੋਂ ਕਦੇ ਪ੍ਰਮਾਰਥ ਦੀ ਪ੍ਰਾਰਥਨਾ ਨਹੀਂ ਹੋ ਸਕਦੀ। ਉਸ ਦੀ ਪ੍ਰਾਰਥਨਾ ਵੀ ਵਾਸ਼ਨਾ ਦੀ ਹੁੰਦੀ ਹੈ। ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ ਵਾਸ਼ਨਾਵਾਂ ਹਨ, ਜੋ ਘਾਟੇ-ਵਾਧੇ ਨਾਲ ਚਲਦੀਆਂ ਰਹਿੰਦੀਆਂ ਹਨ। ਕਦੇ ਇੱਕ ਵਿੱਚ ਤੁਫਾਨ ਆ ਜਾਂਦਾ ਹੈ ਕਦੇ ਦੂਜੀ ਵਿੱਚ। ਕਦੇ ਕੋਈ ਵਾਸ਼ਨਾ ਵਧ ਜਾਂਦੀ ਹੈ ਅਤੇ ਦੂਜੀ ਮੱਧਮ ਪੈ ਜਾਂਦੀ ਹੈ ਅਤੇ ਇਸੇ ਤਰ੍ਹਾਂ ਬਾਕੀ ਵਾਸ਼ਨਾਵਾਂ ਦਾ ਹਾਲ ਹੈ। ਜਿਸ ਤਰ੍ਹਾਂ ਨਦੀ ਵਿੱਚ ਆਇਆ ਹੜ ਖੇਤੀ ਦੇ ਉਜਾੜੇ ਦਾ ਕਾਰਨ ਬਣਦਾ ਹੈ, ਕਿਸੇ ਦਾ ਘਰ ਵਹਾ ਕੇ ਲੈ ਜਾਂਦਾ ਹੈ ਅਤੇ ਕਿਸੇ ਦੀ ਜਾਨ ਵੀ ਲੈ ਲੈਂਦਾ ਹੈ, ਇਸੇ ਤਰ੍ਹਾਂ ਹੱਦ ਤੋਂ ਵਧਿਆ ਕੋਈ ਵੀ ਵਾਸ਼ਨਾ ਮਨੁੱਖ ਦੀ ਤਬਾਹੀ ਦਾ ਕਾਰਨ ਬਣ ਜਾਂਦੀ ਹੈ।

ਜਿਵੇਂ ਦਰਿਆਵਾਂ ਦੀ ਲੰਬਾਈ ਬਹੁਤ ਹੈ, ਪਰ ਕਈ ਦੇਸ਼ ਇੰਨੇ ਸੰਪੰਨ ਨਹੀਂ ਹਨ ਕਿ ਇਨ੍ਹਾਂ ਤੇ ਮੁਕੰਮਲ ਬੰਨ੍ਹ ਬਣਾ ਸਕਣ ਜਿਸ ਦੇ ਨਤੀਜੇ ਵਜੋਂ ਹੜ੍ਹਾਂ ਕਾਰਨ ਸੈਂਕੜੇ ਘਰ ਅਤੇ ਸੈਂਕੜੇ ਜਾਨਾਂ ਤਬਾਹ ਹੋ ਜਾਂਦੀਆਂ ਹਨ। ਠੀਕ ਇਸੇ ਤਰ੍ਹਾਂ ਜੇਕਰ ਕਾਮ ਵਾਸਨਾ ਨੂੰ ਵੀ ਬੰਨ੍ਹ ਨਾ ਲਗਾਇਆ ਜਾਵੇ ਤਾਂ ਇਹ ਵਾਸ਼ਨਾਂ ਵੀ ਵੱਡੀਆਂ-ਵੱਡੀਆਂ ਤਬਾਹੀਆਂ ਨੂੰ ਜਨਮ ਦਿੰਦੀ ਹੈ। ਵਾਸ਼ਨਾ ਕਰਕੇ ਹੀ ਅਗਲਾ ਜਨਮ ਹੁੰਦਾ ਹੈ। ਜਿਵੇਂ ਕਿ ਗੁਰਬਾਣੀ ਵਿੱਚ ਫਰਮਾਨ ਹੈ :

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥** (ਅੰਗ-੫੨੬)

ਇਹ ਕਾਮ-ਵਾਸ਼ਨਾ ਰੂਪ ਨੂੰ ਵੇਖਕੇ ਵਧਦੀ ਹੈ। ਇਸ ਬਾਰੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

**ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥** (ਅੰਗ-੧੨੮੮)

ਬੜੇ-ਬੜੇ ਯੋਗੀ, ਤਪੀਸ਼ਵਰ ਵੀ ਕਾਮ-ਵਾਸ਼ਨਾ ਨੂੰ ਕਾਬੂ ਨਾ ਕਰ ਸਕੇ।ਇਨ੍ਹਾਂ ਵਿਚੋਂ ਬ੍ਰਹਮਾ ਜੀ ਦੀ ਕਥਾ ਨਿਰਾਲੀ ਹੈ, ਜੋ ਆਪਣੀ ਬੇਟੀ ਤੇ ਹੀ ਵਾਸ਼ਨਾ-ਗ੍ਰਸਤ ਹੋ ਗਿਆ, ਕਿਹਾ ਜਾਂਦਾ ਹੈ। ਜਿਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :

**ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ ।**
**ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ ।**

**ਚਾਰੇ ਵੇਦ ਗਵਾਇ ਕੈ ਗਰਬੁ ਗਰੂਰੀ ਕਰਿ ਪਛੁਤਾਨਾ ।** (ਵਾਰ ੧੨, ਪਉੜੀ ੭)

ਇਸੇ ਤਰ੍ਹਾਂ ਇੰਦਰ ਦੇਵਤੇ ਬਾਰੇ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ ਨਾਲ ਧੋਖਾ ਦੇ ਕੇ ਕੁਸੰਗ ਕੀਤਾ, ਤਦ ਗੌਤਮ ਰਿਸ਼ੀ ਦੇ ਸ਼ਰਾਪ ਨਾਲ ਉਸ ਨੂੰ ਹਜ਼ਾਰਾਂ ਭਗਾਂ ਦਾ ਡੰਡ ਮਿਲਿਆ ਜਿਸ ਕਰਕੇ ਉਹ ਰੋਇਆ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :

**ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।**
**ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।** (ਵਾਰ ੧੦,ਪਉੜੀ ੧੮)

ਕਾਮ ਇੱਕ ਲੋੜ ਹੈ, ਪਰ ਜੇ ਇਹ ਚਿੰਤਨ ਹੀ ਬਣ ਜਾਏ ਤਾਂ ਫਿਰ ਮਾਨਸਿਕ ਰੋਗ ਦਾ ਕਾਰਨ ਬਣ ਜਾਏਗੀ। ਕਾਮ ਮਨ ਦੀ ਉਹ ਵਾਸ਼ਨਾ ਹੈ ਜਿਸ ਨਾਲ ਮਨੁੱਖ ਤ੍ਰਿਸ਼ਨਾਲੂ ਇੰਦਰੀਆਂ ਦੇ ਭੋਗਾਂ ਵਲ ਪ੍ਰੇਰਿਆ ਜਾਂਦਾ ਹੈ। ਇਸ ਦੀ ਭੋਗ ਵਾਸ਼ਨਾ ਇੰਨੀ ਵਧ ਜਾਂਦੀ ਹੈ ਕਿ ਉਹ ਮਾਨਸਿਕ ਅਤੇ ਸਰੀਰਕ ਅਵਸਥਾ ਕਰਕੇ ਕਮਜੋਰ ਹੋ ਜਾਂਦਾ ਹੈ। ਜਿਹੜਾ ਜੀਵ ਕਾਮ ਦੀ ਭੋਗ-ਵਾਸ਼ਨਾ ਵਿੱਚ ਖਚਿੱਤ ਹੋ ਜਾਂਦਾ ਹੈ, ਉਹ ਆਪਣੇ ਸਰੀਰ ਨੂੰ ਕਈ ਕਿਸਮ ਦੀਆਂ ਬੀਮਾਰੀਆਂ ਨਾਲ ਗਾਲ ਲੈਂਦਾ ਹੈ। ਕਾਮ ਵਾਸ਼ਨਾ ਅਧੀਨ ਮਨੁੱਖ ਕਈ ਪ੍ਰਕਾਰ ਦੇ ਕੁਕਰਮ ਕਰਕੇ ਅਪਣੇ ਸਰੀਰ ਨੂੰ ਦੁੱਖਾਂ ਵਿੱਚ ਪਾ ਲੈਂਦਾ ਹੈ। ਅਜਿਹਾ ਮਨੁੱਖ ਇਥੋਂ ਤੱਕ ਡਿਗ ਪੈਂਦਾ ਹੈ ਕਿ ਅਪਣਾ ਹੱਸਦਾ-ਵੱਸਦਾ ਘਰ ਵੀ ਉਜਾੜ ਬਹਿੰਦਾ ਹੈ। ਇਸਤਰੀ/ ਪੁਰਸ਼ ਇੱਕ ਦੂਜੇ ਨੂੰ ਤਲਾਕ ਵੀ ਦੇ ਦਿੰਦੇ ਹਨ ਅਤੇ ਕਈ ਵਾਰ ਤਾਂ ਇੱਕ ਦੂਜੇ ਦਾ ਕਤਲ ਵੀ ਕਰ/ਕਰਾ ਦਿੰਦੇ ਹਨ। ਇਥੋਂ ਤੱਕ ਕਿ ਆਪਣੇ ਬੱਚਿਆਂ ਨੂੰ ਵੀ ਮਾਰ ਦਿੰਦੇ ਹਨ।

## ਕਾਮ ਤ੍ਰਿਸ਼ਨਾਲੂ ਇੰਦਰੀਆਂ ਦੇ ਰਸਾਂ ਤੋਂ ਆਮ ਕਰਕੇ ਹੇਠ ਲਿਖੇ ਸਾਧਨਾਂ ਨਾਲ ਉਪਜਦਾ ਹੈ :

੧. ਅੱਖਾਂ ਨਾਲ : ਜਿਵੇਂ ਕਿ ਟੈਲੀਵੀਜ਼ਨ, ਮੋਬਾਇਲ ਫੋਨ ਵਗੈਰਾ ਤੇ ਅਸ਼ਲੀਲ ਤਸਵੀਰਾਂ ਵੇਖਣੀਆਂ, ਇਸੇ ਤਰ੍ਹਾਂ ਭੜਕੀਲੇ ਤੇ ਨੰਗੇਜ ਪਹਿਰਾਵੇ ਵੇਖਣ ਅਤੇ ਸਰੀਰਕ ਸੁੰਦਰਤਾ ਵੱਲ ਆਕਰਸ਼ਿਤ ਹੋਣ ਨਾਲ।

੨. ਕੰਨਾਂ ਨਾਲ : ਅਸ਼ਲੀਲ ਗਾਣੇ, ਗੀਤ ਜਾਂ ਬੋਲੀਆਂ ਵਗੈਰਾ ਸੁਣਨ ਨਾਲ, ਜਿਸ ਵਿੱਚ ਰੇਡੀਓ, ਟੈਲੀਵੀਜ਼ਨ ਅਤੇ ਮੋਬਾਇਲ ਫੋਨ ਆਦਿਕ ਵੀ ਵੱਡੀ ਭੂਮਿਕਾ ਹੈ।

੩. ਜੀਭ ਰਸ : ਅਨੁਭਵੀ ਵਿਅਕਤੀ ਦੱਸਦੇ ਹਨ ਕਿ ਜੀਭ-ਰਸ ਅਥਵਾ ਤਾਮਸੀ ਖੁਰਾਕ ਦੇ ਸੁਆਦਾਂ ਨਾਲ ਅਤੇ ਜੁਬਾਨ ਨਾਲ ਅਸ਼ਲੀਲ ਗਾਣੇ, ਬੋਲੀਆਂ ਜਾਂ ਗੱਲਾਂ ਕਰਨ ਨਾਲ ਵੀ ਕਾਮ ਵਾਸ਼ਨਾਵਾਂ ਉਪਜਦੀਆਂ ਹਨ।

੪. ਸਰੀਰਕ ਸਪਰਸ਼ : ਸਰੀਰ ਦੇ ਸਪਰਸ਼ ਨਾਲ ਵੀ ਕਾਮ ਵਾਸਨਾ ਉਪਜਦੀ ਹੈ।

ਇਨ੍ਹਾਂ ਅਵਗੁਣਾਂ ਤੋਂ ਬਚ ਕੇ ਹੀ ਕਾਮ ਤੇ ਕਾਬੂ ਪਾਇਆ ਜਾ ਸਕਦਾ ਹੈ। ਗ੍ਰਿਹਸਤ ਮਾਰਗ ਦੇ ਵਿੱਚ ਵੀ ਨਾਮ-ਬਾਣੀ, ਸਿਮਰਨ ਕਰਕੇ ਜੀਵ ਜਤ-ਸਤ ਰੱਖ ਸਕਦਾ ਹੈ।

ਕਾਮ ਦੇ ਵਿਕਸਿਤ ਹੋਣ ਦੀ ਦਸ਼ਾ ਵਿੱਚ ਮਨੁੱਖ ਪਰ ਇਸਤਰੀ/ਪੁਰਸ਼ ਵੱਲ ਬੁਰੀ ਨਜ਼ਰ ਨਾਲ ਵੇਖਦਾ/ਵੇਖਦੀ ਹੈ। ਇਸ ਨਾਲ ਸਮਾਜਿਕ ਮਾਨਤਾਵਾਂ ਦਾ ਬਹੁਤ ਨਿਘਾਰ ਹੁੰਦਾ ਹੈ। ਕਾਮੀ ਪੁਰਸ਼/ਇਸਤਰੀ ਅਜਿਹਾ ਕਰਮ ਕਰਨ ਸਮੇਂ ਸੋਚਦਾ ਹੋਵੇ ਕਿ ਉਸ ਨੂੰ ਕੋਈ ਨਹੀਂ ਵੇਖਦਾ, ਪਰ ਉਹ ਰੱਬ ਦੀ ਅੱਖ ਤੋਂ ਕਿਵੇਂ ਬਚ ਸਕਦਾ ਹੈ? ਇਸ ਸੰਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ :

**ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥**(ਅੰਗ-੬੧੬)

ਪਰਾਈਆਂ ਇਸਤ੍ਰੀਆਂ ਨੂੰ ਕਿਸ ਨਜ਼ਰ ਨਾਲ ਵੇਖਣਾ ਹੈ ਇਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ।** (ਵਾਰ ੨੯, ਪਉੜੀ ੧੧)

ਇਸੇ ਪ੍ਰਕਾਰ ਜਦੋਂ ਮਨੁੱਖ ਨੂੰ ਕ੍ਰੋਧ ਚੜ੍ਹਦਾ ਹੈ ਤਾਂ ਉਹ ਠੀਕ ਨਿਰਣਾ ਨਹੀਂ ਲੈ ਪਾਉਂਦਾ ਅਤੇ ਨਾ ਹੀ ਇਹ ਨਿਰਣਾ ਕਰ ਪਾਉਂਦਾ ਹੈ ਕਿ ਕ੍ਰੋਧ ਦੀ ਵਰਤੋਂ ਕਿਵੇਂ ਕਰਾਂ। ਅਸੀਂ ਆਪਣੇ ਕ੍ਰੋਧ ਨੂੰ ਠੀਕ ਦਰਸਾਉਣ ਲਈ ਇਹੀ ਅਧਾਰ ਬਣਾਉਂਦੇ ਹਾਂ ਕਿ ਜਦੋਂ ਤਕ ਕੰਮ ਕਰਨ ਵਾਲਿਆ (ਮਜਦੂਰਾਂ) ਨੂੰ ਗੁੱਸੇ ਨਾਲ ਨਾ ਬੋਲਾਂ ਉਹ ਕੰਮ ਨਹੀਂ ਕਰਦੇ। ਇਸ ਤਰ੍ਹਾਂ ਮਾਤਾ ਪਿਤਾ ਕਹਿੰਦੇ ਹਨ ਕਿ ਜੇ ਅਸੀਂ ਬੱਚਿਆਂ ਨਾਲ ਗੁੱਸੇ ਨਾਲ ਨਾ ਬੋਲੀਏ ਤਾਂ ਉਹ ਸਾਡੀ ਗੱਲ ਨਹੀਂ ਮੰਨਦੇ। ਇਸੇ ਤਰ੍ਹਾਂ ਪਤੀ ਪਤਨੀ ਦੇ ਰਿਸਤੇ ਦੀ ਸਚਾਈ ਹੈ ਕਿ ਇੱਕ ਦੂਜੇ ਨੂੰ ਕ੍ਰੋਧ ਵਿੱਚ ਬੋਲੇ ਬਿਨਾਂ ਗੱਲ ਹੀ ਨਹੀਂ ਬਣਦੀ। ਪ੍ਰੰਤੂ ਇਹ ਧਾਰਨਾ ਠੀਕ ਨਹੀਂ ਹੈ। ਸਾਨੂੰ ਇੱਕ-ਦੂਜੇ ਨਾਲ ਬੜੀ ਸਮਝ ਨਾਲ, ਨਿਮਰਤਾ ਨਾਲ ਅਤੇ ਸਪੱਸ਼ਟਤਾ ਨਾਲ ਗੱਲ ਕਰਨੀ ਚਾਹੀਦੀ ਹੈ ਤਾਂ ਜੋ ਦੂਜਾ ਬੰਦਾ ਵਿਸਵਾਸ਼ ਕਰਕੇ ਸਾਡੀ ਗੱਲ ਮੰਨ ਲਵੇ।

ਜਿਵੇਂ ਕਾਰ ਦੀ ਗਤੀ ਨੂੰ ਠੀਕ ਰੱਖਣਾ ਉਸਦੇ ਡਰਾਈਵਰ ਦੇ ਹੱਥ ਹੁੰਦਾ ਹੈ, ਇਸੇ ਤਰਾਂ ਅਪਣੀ ਸਰੀਰ ਰੂਪੀ ਗੱਡੀ ਦੇ ਡਰਾਈਵਰ ਅਸੀਂ ਖੁਦ ਹਾਂ। ਕਾਰ-ਡਰਾਈਵਰ ਇਨ੍ਹਾਂ-ਗੱਲਾਂ ਦਾ ਖਾਸ ਧਿਆਨ ਰੱਖਦਾ ਹੈ, ਕਿ ਕਿਧਰੇ ਕਾਰ ਦੀ ਟੱਕਰ ਨਾ ਹੋ ਜਾਵੇ, ਪੁਲ ਵਗੈਰਾ ਤੋਂ ਥੱਲੇ ਨਾ ਡਿਗ ਪਵੇ। ਇਸ ਤਰ੍ਹਾਂ ਅਸੀਂ ਆਪਣੇ ਸਰੀਰ ਦੀ ਸੰਭਾਲ ਲਈ ਇਹ ਸਿੱਖਣਾ ਹੈ ਕਿ ਕਿਹੋ ਜਿਹੀ ਜੀਵਨ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਉਤੇ ਕ੍ਰੋਧ ਕਾਰਨ ਮੇਰੀ ਦੂਰੀ ਨਾ ਵਧੇ ਅਤੇ ਇਹ ਵੀ ਵੇਖਣਾ ਹੈ ਕਿ ਕ੍ਰੋਧ ਕਾਰਨ ਮੇਰੀ ਜੀਵਨ ਰੂਪੀ ਗੱਡੀ

ਆਪਸੀ ਇਤਫਾਕ ਅਤੇ ਭਾਈਚਾਰੇ ਦੇ ਪੁੱਲ ਤੋਂ ਕਿਧਰੇ ਢਹਿ ਤੇ ਨਹੀਂ ਰਹੀ। ਇਸ ਰਾਹੀਂ ਅਸੀਂ ਆਪਣੇ ਕ੍ਰੋਧ ਤੇ ਬਰੇਕਾਂ ਲਗਾਉਂਣਾ ਸਿਖਾਂਗੇ।

ਦੁਨੀਆਂ ਵਿੱਚ ਜਿਤਨੇ ਵੀ ਨਕਾਰਾਤਮਿਕ ਕੰਮ ਹਨ ਉਹ ਸਾਰੇ ਹੀ ਕ੍ਰੋਧ ਦੀ ਉਪਜ ਹਨ। ਜਿਤਨੀ ਵੀ ਇਸ ਧਰਤੀ ਤੇ ਮਨੁੱਖ ਵੱਲੋਂ ਤਬਾਹੀ ਕੀਤੀ ਗਈ ਹੈ ਉਹ ਕ੍ਰੋਧ ਦਾ ਹੀ ਨਤੀਜਾ ਹੈ। ਅਸੀਂ ਜੇ ਕ੍ਰੋਧ ਨੂੰ ਕਾਬੂ ਕਰਨਾ ਸਿਖ ਲਈਏ ਤਾਂ ਉਸ ਨਾਲ ਉਸਾਰੂ ਕੰਮ ਕੀਤੇ ਜਾ ਸਕਦੇ ਹਨ।

ਕ੍ਰੋਧ ਸਰੀਰਿਕ ਤਾਕਤ ਘੱਟਦੀ ਜਾਂਦੀ ਹੈ, ਨਸਾਂ ਕਮਜ਼ੋਰ ਹੋ ਜਾਂਦੀਆਂ ਹਨ। ਅਸੀਂ ਕਈ ਬੀਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਕ੍ਰੋਧ ਨਾਲ ਸਾਡਾ ਖੂਨ ਦਾ ਦੌਰਾ ਵੱਧ ਜਾਂਦਾ ਹੈ ਅਤੇ ਨਸਾਂ ਖਿਚੀਆਂ ਜਾਂਦੀਆਂ ਹਨ। ਦਿਲ ਦਾ ਦੌਰਾ ਪੈਣ ਦਾ ਡਰ ਹੁੰਦਾ ਹੈ। ਕਈ ਸਰੀਰਕ ਸਮੱਸਿਆਵਾਂ ਹੋ ਸਕਦੀਆਂ ਹਨ। ਜੇ ਸੰਤੁਲਿਤ (Balance) ਕਰਨ ਦਾ ਢੰਗ ਨਾ ਵਰਤਿਆ, ਤਾਂ ਇਹ ਕ੍ਰੋਧ ਇੱਕ ਦਿਨ ਲੈ ਡੁਬਦਾ ਹੈ।

ਆਦਤਨ ਕ੍ਰੋਧ ਵਾਲੇ ਮਨੁੱਖ ਹਮੇਸ਼ਾ ਹੀ ਨਰਾਜ਼ ਰਹਿੰਦੇ ਹਨ। ਕਿਸੇ ਨਾਲ ਵੀ ਚੰਗੀ ਤਰ੍ਹਾਂ ਗੱਲ ਨਹੀਂ ਕਰਦੇ। ਉਹ ਕਿਧਰੇ ਵੀ ਖੁਸ਼ ਨਹੀਂ ਰਹਿੰਦੇ, ਜਿਥੇ ਵੀ ਜਾਂਦੇ ਹਨ ਉਹ ਕੋਈ ਨਾ ਕੋਈ ਗੁੱਸੇ ਹੋਣ ਦਾ ਕਾਰਨ ਲੱਭ ਹੀ ਲੈਂਦੇ ਹਨ। ਚਾਈਂ-ਚਾਈਂ ਵਿਆਹ ਵਗੈਰਾ ਤੇ ਜਾਣਗੇ, ਉਥੇ ਵੀ ਕਦੀ ਕੁਝ ਤੇ ਕਦੀ ਕੁਝ ਨਰਾਜ਼ਗੀ ਚਲਦੀ ਹੀ ਰਹੇਗੀ। ਉਨ੍ਹਾਂ ਨੂੰ ਦੂਜਿਆਂ ਤੇ ਰੋਅਬ ਪਾਣ ਦੀ, ਦਬ-ਦਬੇ ਹੇਠ ਰੱਖਣ ਦੀ ਆਦਤ ਪੈ ਚੁੱਕੀ ਹੁੰਦੀ ਹੈ। ਅਜਿਹੇ ਬੰਦਿਆ ਨੂੰ ਕੋਈ ਪਸੰਦ ਨਹੀਂ ਕਰਦਾ। ਅਜਿਹੀ ਆਦਤ ਬਦਲਣੀ ਚਾਹੀਦੀ ਹੈ। ਜੋ ਆਪਣੇ ਆਪ ਨੂੰ ਮਨ ਕਰਕੇ ਸੰਤੁਲਿਤ (Balance) ਰੱਖਦਾ ਹੈ, ਉਸ ਨੂੰ ਕੋਈ ਰੋਗ ਨਹੀਂ ਲੱਗਦਾ।

ਕਾਸ਼ ! ਅਸੀਂ ਸਮਝੀਏ ਕ੍ਰੋਧ ਬਹੁਤ ਵੱਡਾ ਰੋਗ ਹੈ, ਜਿਸ ਕਾਰਨ ਖੁਸ਼ੀ ਸਾਡੇ ਨੇੜੇ ਨਹੀਂ ਰਹਿੰਦੀ। ਜੇ ਅਸੀਂ ਆਪਣਾ ਜੀਵਨ ਖੁਸ਼ੀ ਵਾਲਾ ਬਣਾਉਂਣਾ ਚਾਹੁੰਦੇ ਹਾਂ ਤਾਂ ਕ੍ਰੋਧ ਤੇ ਕਾਬੂ ਪਾਉਣਾ ਸਿੱਖਣਾ ਹੀ ਪਵੇਗਾ।

ਮਨੁੱਖ ਦੇ ਅੰਦਰ ਕ੍ਰੋਧ ਅਗਨ ਚਲ ਰਹੀ ਹੈ, ਜਿਸ ਨੂੰ ਸਤਿਗੁਰ ਦੇ ਗਿਆਨ ਦੇ ਸੀਤਲ ਜਲ ਨਾਲ ਠੰਢਾ ਕੀਤਾ ਜਾ ਸਕਦਾ ਹੈ। ਇਸ ਦਾ ਲਾਭ ਹਰ ਮਨੁੱਖ ਲੈ ਸਕਦਾ ਹੈ। ਸਤਿਗੁਰ ਤੋਂ ਬਿਬੇਕ ਬੁਧ ਲੈ ਕੇ ਕ੍ਰੋਧ ਤੇ ਕਾਬੂ ਪਾਇਆ ਜਾ ਸਕਦਾ ਹੈ ਅਤੇ ਆਪਣੇ ਜੀਵਨ ਨੂੰ ਸਾਂਤਮਈ ਬਣਾਇਆ ਜਾ ਸਕਦਾ ਹੈ। ਇਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ :

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥(ਅੰਗ-੬੫੯)

ਕ੍ਰੋਧ ਤੇ ਕਾਬੂ ਕਰਨ ਲਈ ਸਾਨੂੰ ਹੇਠ ਲਿਖੇ ਨੁਕਤਿਆਂ ਤੇ ਵਿਚਾਰ ਅਤੇ ਅਮਲ

ਕਰਨਾ ਚਾਹੀਦਾ ਹੈ :

੧. ਸਤਸੰਗੀ ਵਿਚਾਰ ਵਿੱਚ ਰੱਬੀ ਰਜ਼ਾ ਭਾਣੇ ਨੂੰ ਸਮਝਣ ਅਤੇ ਆਪਣੀ ਹਉਮੈ ਨੂੰ ਘਟਾਉਣ ਦਾ ਜਤਨ ਸਿਖਦੇ ਹਾਂ,ਜਿਸ ਨਾਲ ਹੋਰਨਾਂ ਨਾਲ ਵੰਡ-ਛਕਣ, ਹੋਰਨਾਂ ਦੇ ਦੁੱਖ ਜਜ਼ਬਾਤ ਸਮਝਣ ਦੀ ਆਦਤ ਬਣਦੀ ਹੈ।

੨. ਕ੍ਰੋਧ ਤੇ ਕਾਬੂ ਪਾਉਣ ਲਈ ਆਪਣਾ ਸਹਿਜ ਵਧਾਣਾ ਪਏਗਾ। ਰੋਜ਼ ਮਰਾ ਦੇ ਕਾਰ ਵਿਹਾਰ ਕਰਦਿਆਂ, ਬਾਣੀ ਪੜਨ ਅਤੇ ਵਿਚਾਰਨ ਲਈ, ਸਤਸੰਗੀ ਵਿਚਾਰਾਂ ਦੀ ਸਾਂਝ ਕਰਨ ਲਈ ਵੱਧ ਤੋਂ ਵੱਧ ਸਮਾਂ ਕੱਢੀਏ। ਜਿਉਂ-ਜਿਉਂ ਗੁਰਬਾਣੀ ਅਨੁਸਾਰ ਜੀਵਾਂਗੇ, ਸਹਿਜ ਵੱਧਦਾ ਜਾਵੇਗਾ ਅਤੇ ਕ੍ਰੋਧ ਘੱਟਦਾ ਜਾਵੇਗਾ।

੩. ਆਪਣੇ ਔਗੁਣਾਂ ਵੱਲ ਧਿਆਨ ਦੇਈਏ ਅਤੇ ਇਨ੍ਹਾਂ ਨੂੰ ਸੁਧਾਰਨ ਲਈ ਮਿਹਨਤ ਕਰੀਏ।

੪. ਜੋ ਕੁਝ ਬੋਲੀਏ ਸੋਚ ਕੇ ਬੋਲੀਏ ਅਤੇ ਇਹ ਜਰੂਰੀ ਨਹੀਂ ਕਿ ਜੋ ਕੁਝ ਸੋਚਿਆ, ਸਭ ਕੁਝ ਬੋਲੀਏ। ਕਿਸੇ ਨੂੰ ਵੀ ਝੱਟ ਜਵਾਬ ਦੇਣ ਅਤੇ ਬਹਿਸ ਕਰਨ ਤੋਂ ਗੁਰੇਜ਼ ਕਰੀਏ।

੫. ਮਿੱਠਾ ਬੋਲਣ ਦਾ ਸੁਭਾਉ ਪਾਈਏ।

੬. ਦੂਜਿਆਂ ਦੀ ਗਲਤੀ ਹੋਵੇ ਜਾਂ ਨਾ ਹੋਵੇ, ਮੁਆਫ ਕਰਨ ਦਾ ਸੁਭਾਓ, ਕ੍ਰੋਧ ਉਤੇ ਕਾਬੂ ਪਾਉਣ ਲਈ ਸਹਾਇਕ ਹੁੰਦਾ ਹੈ।

੭. ਕ੍ਰੋਧ ਦੀ ਬੀਮਾਰੀ ਤੋਂ ਬੱਚਣਾ ਹੈ ਤਾਂ ਮਨ ਵਿੱਚ ਹੋਰਨਾਂ ਬਾਰੇ ਪੱਕੀ ਰਾਏ ਜਾਂ ਗਲਤ ਫਹਿਮੀ ਦਾ ਸੁਭਾਓ ਨਹੀਂ ਬਨਾਉਣਾ ਚਾਹੀਦਾ।

੮. ਅਪਣੀ ਮਨ ਮਰਜੀ ਜਾਂ 'ਮੈਂ ਨਾ ਮਾਨੂ' ਦੀ ਬਿਰਤੀ ਬਦਲੇ ਰੱਬੀ ਰਜ਼ਾ ਅਧੀਨ ਰਹਿਣ ਵਾਲੇ ਮਨੁੱਖ ਦਾ ਕ੍ਰੋਧ ਘਟ ਜਾਂਦਾ ਹੈ।

੯. ਹੋਰਨਾਂ ਦਾ ਭਲਾ ਕਰਨਾ ਸਿਖੀਏ, ਸਮਾਜ ਦੇ ਭਲੇ ਲਈ ਉਸਾਰੂ ਅਤੇ ਸਤਿਗੁਰੂ ਜੀ ਦੇ ਬਚਨਾਂ ਦਾ ਸੰਗ ਕਰਨ ਨਾਲ ਕ੍ਰੋਧ ਖਤਮ ਹੁੰਦਾ ਹੈ।

੧੦ ਹਰ ਵੇਲੇ ਖੁਦਗਰਜੀ ਵਾਲੇ ਸੁਭਾਅ ਹੋਣ ਕਾਰਨ ਕ੍ਰੋਧ ਵਧਦਾ ਹੈ। ਮੈਨੂੰ ਬੁਲਾਇਆ ਨਹੀਂ, ਮੇਰੀ ਨਿੰਦਿਆ ਕਿਉਂ ਕੀਤੀ, ਮੇਰੀ ਗੱਲ ਕਿਉਂ ਨਹੀਂ ਮੰਨੀ, ਐਸੇ ਖਿਆਲਾਂ ਦੇ ਸੁਭਾਅ ਨਾਲ ਕ੍ਰੋਧ ਵਧਦਾ ਹੈ, ਜਿਸ ਤੋਂ ਗੁਰੇਜ ਕਰਨਾ ਹੀ ਲਾਹੇਵੰਦ ਹੋ ਸਕਦਾ ਹੈ।

ਜਿਵੇਂ ਸੁਹਾਗਾ ਕੁਠਾਲੀ ਵਿੱਚ ਪਾਏ ਸੋਨੇ ਨੂੰ ਨਰਮ ਕਰ ਦਿੰਦਾ ਹੈ, ਤਿਵੇਂ ਹੀ ਕਾਮ ਅਤੇ ਕ੍ਰੋਧ ਮਨੁੱਖ ਦੇ ਸਰੀਰ ਨੂੰ ਨਿਰਬਲ ਕਰ ਦਿੰਦੇ ਹਨ। ਸੋਨਾ ਕੁਠਾਲੀ ਵਿੱਚ ਸੇਕ ਸਹਿੰਦਾ ਹੈ ਤਾਂ ਹੀ ਸੁਹਣੇ ਰੰਗ ਵਾਲਾ ਹੋਣ ਤੇ ਸਰਾਫ਼ ਦੀ ਨਜ਼ਰ ਵਿੱਚ ਕਬੂਲ ਹੁੰਦਾ ਹੈ। ਇਸੇ ਤਰ੍ਹਾਂ

ਕਾਮ-ਕ੍ਰੋਧ ਨਾਲ ਨਿਰਬਲ ਹੋਇਆ ਜੀਵ ਵੀ ਜਦੋਂ ਪ੍ਰਭੂ ਦੀ ਮਿਹਰ ਨਾਲ ਗੁਰੂ-ਸਿੱਖਿਆ ਤੇ ਤੁਰਦਾ ਹੈ ਤਾਂ ਉਹ ਸੁਹਣੀ ਆਤਮਾ ਵਾਲਾ ਪ੍ਰਾਣੀ ਬਣ ਕੇ, ਪ੍ਰਮਾਤਮਾ ਦੀ ਨਜ਼ਰ ਵਿੱਚ ਕਬੂਲ ਹੋ ਜਾਂਦਾ ਹੈ। ਇਸ ਪ੍ਰਥਾਏ ਗੁਰਬਾਣੀ ਦਾ ਫੁਰਮਾਨ ਇਸ ਤਰ੍ਹਾਂ ਹੈ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥**
**ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀ ਸਚੜਾਉ ॥** (ਅੰਗ-੯੩੨)

ਮਨੁੱਖ ਦਾ ਇਹ ਸਰੀਰ ਕਾਮ ਅਤੇ ਕ੍ਰੋਧ ਨਾਲ ਭਰਿਆ ਹੋਇਆ ਹੈ। ਗੁਰੂ ਨੂੰ ਮਿਲਕੇ ਹੀ ਇਸ ਜੋੜ ਨੂੰ ਤੋੜਿਆ ਜਾ ਸਕਦਾ ਹੈ। ਜਿਸ ਮਨੁੱਖ ਨੂੰ ਪੂਰਬਲੇ ਕੀਤੇ ਕਰਮਾਂ ਦੇ ਸੰਜੋਗਾਂ ਨਾਲ ਗੁਰੂ ਮਿਲ ਪੈਂਦਾ ਹੈ, ਉਸ ਦੇ ਮਨ ਵਿੱਚ ਪ੍ਰਮਾਤਮਾ ਦੀ ਲਿਵ ਲਗ ਜਾਂਦੀ ਹੈ ਅਤੇ ਉਸ ਅੰਦਰੋਂ ਇਨ੍ਹਾਂ ਕਾਮਾਦਿਕ (ਵਿਸ਼ੇ-ਵਿਕਾਰਾਂ) ਦਾ ਜੋੜ ਟੁੱਟ ਜਾਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ :

**ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥**
**ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥**
(ਅੰਗ-੧੩)

ਕ੍ਰੋਧ ਝਗੜੇ ਦਾ ਮੁੱਢ (ਮੂਲ-ਕਾਰਨ) ਹੁੰਦਾ ਹੈ। ਇਸ ਵਿੱਚ ਕਦੇ ਦਇਆ ਨਹੀਂ ਉਪਜਦੀ। ਕ੍ਰੋਧ ਵਿਸ਼ਈ ਜੀਵਾਂ ਨੂੰ ਆਪਣੇ ਵਸ ਵਿੱਚ ਕਰ ਲੈਂਦਾ ਹੈ ਅਤੇ ਕ੍ਰੋਧ ਦੇ ਵਸ ਆਇਆ ਮਨੁੱਖ ਬਾਂਦਰ ਦੀ ਤਰ੍ਹਾਂ ਨੱਚਦਾ ਫਿਰਦਾ ਹੈ। ਪ੍ਰੰਤੂ ਦਿਆਲੂ ਪ੍ਰਭੂ ਹੀ ਇਸ ਕ੍ਰੋਧ ਤੋਂ ਸਭ ਜੀਵਾਂ ਦੀ ਰੱਖਿਆ ਕਰਦਾ ਹੈ।ਇਸ ਸੰਬੰਧ ਵਿੱਚ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ :

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ ॥ ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥ ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖੵਾ ਕਰੋਤਿ ॥੪੭॥** (ਅੰਗ-੧੩੫੮)

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਾਮ ਅਤੇ ਕ੍ਰੋਧ ਤੋਂ ਹਮੇਸ਼ਾਂ ਦੂਰ ਰਹਿਣ ਦੀ ਪ੍ਰੇਰਨਾ ਕਰਦੇ ਹਨ ਕਿਉਂਕਿ ਇਨ੍ਹਾਂ ਦੀ ਸੰਗਤ ਇੱਕ ਭੈੜੇ ਮਨੁੱਖ ਦੀ ਸੰਗਤ ਵਾਂਗ ਹੀ ਹੈ। ਆਪ ਫੁਰਮਾਉਂਦੇ ਹਨ :

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥** (ਅੰਗ-੨੧੯)

ਕਾਮ, ਕ੍ਰੋਧ ਮਾਨੋ ਜ਼ਹਿਰ ਹੈ ਅਤੇ ਕਰੜਾ ਬੋਝ ਹੈ ਜੋ ਆਤਮਿਕ ਜੀਵਨ ਨੂੰ ਮੁਕਾ

ਦਿੰਦਾ ਹੈ। ਗੁਣਾਂ ਵਾਲਾ ਆਚਰਨ (ਆਤਮਿਕ ਜੀਵਨ) ਪ੍ਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਕਦੇ ਬਣ ਹੀ ਨਹੀਂ ਸਕਦਾ। ਇਸ ਸਬੰਧੀ ਫੁਰਮਾਨ ਹੈ :

**ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥** (ਅੰਗ-੧੧੮੭)

ਗੁਰਬਾਣੀ ਵਿੱਚ ਮਨੁੱਖ ਨੂੰ ਆਤਮਿਕ ਅਨੰਦ (ਸੁਖ) ਨਾ ਮਿਲਣ ਦਾ ਕਾਰਨ ਵੀ ਉਸ ਵੱਲੋਂ ਅਪਣੇ ਮਨ ਨੂੰ ਕਾਮ, ਕ੍ਰੋਧ ਅਤੇ ਮਾਇਆ ਦੇ ਮੋਹ ਵਿੱਚ ਜੋੜੀ ਰੱਖਣਾ ਦੱਸਿਆ ਗਿਆ ਹੈ। ਜਿਸ ਕਰਕੇ ਮਨਮੁਖ ਆਤਮਿਕ ਮੌਤ ਸਹੇੜ ਲੈਂਦਾ ਹੈ ਅਤੇ ਸਦਾ ਖੁਆਰ ਹੁੰਦਾ ਹੈ। ਇਸ ਪ੍ਰਥਾਏ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ :

**ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥**
**ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥** (ਅੰਗ-੧੦੫੮)

ਜਿਵੇਂ ਕਿ ਪਹਿਲਾਂ ਵੀ ਦੱਸਿਆ ਕਿ ਕਾਮ ਅਤੇ ਕ੍ਰੋਧ ਦੋਵੇਂ ਹੀ ਮਨੁੱਖ ਦੇ ਅਹਿਮ ਵਿਕਾਰ ਹਨ। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਜਦੋਂ ਤੱਕ ਗੁਰੂ ਦੇ ਸ਼ਬਦ ਨਾਲ ਪਿਆਰ ਨਹੀਂ ਪਾਉਂਦਾ ਉਦੋਂ ਤੱਕ ਉਸ ਦੇ ਮਨ ਦੀ ਵਿਕਾਰਾਂ ਦੀ ਮੈਲ ਨਹੀਂ ਉਤਰਦੀ। ਇਸ ਲਈ ਮਨੁੱਖ ਨੂੰ ਇੰਨਾਂ ਵਿਕਾਰਾਂ ਤੋਂ ਬਚਣ ਲਈ ਗੁਰੂ ਦੇ ਸ਼ਬਦ ਨਾਲ ਪਿਆਰ ਪਾਉਣਾ ਚਾਹੀਦਾ ਹੈ।ਇਸ ਸੰਬੰਧੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

**ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥** (ਅੰਗ-੩੯)

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਕਾਮ-ਕ੍ਰੋਧ ਆਦਿਕ ਪਾਪਾਂ ਤੋਂ ਬਚਣ ਦਾ ਤਰੀਕਾ ਦਸਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਨੇ ਪ੍ਰਭੂ ਦਾ ਸੱਚਾ ਅਤੇ ਨਾ ਮੁਕਣ ਵਾਲਾ ਧਨ (ਭਾਵ ਨਾਮ) ਪ੍ਰਸੰਨ ਹੋ ਕੇ ਦਿੱਤਾ ਹੈ, ਉਨ੍ਹਾਂ ਦੇ ਕਾਮ, ਕ੍ਰੋਧ ਆਦਿਕ ਪਾਪ ਸੰਤਾਂ ਦੀ ਸੰਗਤ ਵਿੱਚ ਮੁਕ ਜਾਂਦੇ ਹਨ। ਫੁਰਮਾਨ ਹੈ :-

**ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ॥ ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥**(ਅੰਗ-੩੧੫)

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਾਮ-ਕ੍ਰੋਧ ਤੋਂ ਦੂਰ ਰਹਿਣ ਵਾਲੇ ਮਨੁੱਖ ਦੀ ਆਤਮਿਕ ਪ੍ਰਗਤੀ ਦਾ ਵੀ ਜ਼ਿਕਰ ਕਰਦੇ ਹਨ, ਜਿਸ ਨਾਲ ਉਸ ਦੀ ਹੌਸਲਾ ਅਫਜਾਈ ਵੀ ਹੁੰਦੀ ਹੈ। ਜੋ ਮਨੁੱਖ ਇਨ੍ਹਾਂ ਵਿਕਾਰਾਂ ਤੋਂ ਦੂਰ ਰਹਿੰਦਾ ਹੈ ਉਸ ਦੇ ਮਨ ਵਿੱਚ ਬ੍ਰਹਮ ਦਾ ਨਿਵਾਸ ਹੋ ਜਾਂਦਾ ਹੈ। ਆਪ ਜੀ ਫੁਰਮਾਉਂਦੇ ਹਨ :

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥** (ਅੰਗ-੬੩੩)

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਕਾਮ, ਕ੍ਰੋਧ ਬਾਰੇ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਨਾਮ ਸਿਮਰਨ ਕਰਦੇ ਹਨ ਅਤੇ ਗੁਰ-ਸ਼ਬਦ ਅਨੁਸਾਰ ਜੀਵਨ ਬਤੀਤ ਕਰਦੇ, ਉਨ੍ਹਾਂ ਦੇ ਅੰਦਰੋਂ ਇਹ ਵਿਕਾਰ ਨਾਸ ਹੋ ਜਾਂਦੇ ਹਨ। ਆਪ ਜੀ ਫੁਰਮਾਉਂਦੇ ਹਨ :

**ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥**

(ਅੰਗ-੧੧੯੩)

ਇਸ ਲਈ ਵਿਕਾਰਾਂ ਤੋਂ ਬਚਣ ਲਈ ਗੁਰਬਾਣੀ ਮਨੁੱਖਾਂ ਨੂੰ ਪ੍ਰਮਾਤਮਾ ਪਾਸ ਅਰਦਾਸ ਬੇਨਤੀ ਕਰਨ ਲਈ ਵੀ ਪ੍ਰੇਰਨਾ ਕਰਦੀ ਹੈ ਕਿ ਹੇ ਪ੍ਰਭੂ ਤੂੰ ਸਾਨੂੰ ਕਿਰਪਾ ਕਰਕੇ, ਇਨ੍ਹਾਂ ਵਿਕਾਰਾਂ ਤੋਂ ਬਚਾਅ ਲੈ। ਇਸ ਬਾਰੇ ਫੁਰਮਾਨ ਹੈ :

**ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ ॥ ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ ॥** (ਅੰਗ-੧੦੪੮)

ਅੰਤ ਵਿੱਚ ਅਸੀਂ ਇਸ ਸਿੱਟੇ ਤੇ ਹੀ ਪਹੁੰਚਦੇ ਹਾਂ ਕਿ ਮਨੁੱਖ ਨੂੰ ਗੁਰ ਸੰਗਤ ਕਰਨ ਦੀ ਅਤੇ ਗੁਰਬਾਣੀ ਨੂੰ ਸਮਝ ਕੇ ਉਸ ਤੇ ਅਮਲ ਕਰਨ ਦੀ ਅਤਿਅੰਤ ਲੋੜ ਹੈ ਅਤੇ ਪ੍ਰਮਾਤਮਾ ਅੱਗੇ ਬੇਨਤੀ ਕਰਦੇ ਰਹਿਣਾ ਚਾਹੀਦਾ ਹੈ ਕਿ ਉਹ ਗੁਰਸਿੱਖੀ ਜੀਵਨ ਬਖਸ਼ੇ ਅਤੇ ਗੁਰੂ ਜੀ ਨਾਮ-ਸਿਮਰਨ ਦੀ ਦਾਤ ਬਖਸ਼ਣ ਤਾਂ ਜੋ ਕਾਮ, ਕ੍ਰੋਧ ਆਦਿਕ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਜੀਵਨ ਸਫਲਾ ਹੋ ਸਕੇ ਅਤੇ ਲੋਕ-ਸੁਖੀਏ, ਪ੍ਰਲੋਕ ਸੁਹੇਲੇ ਵਾਲੀ ਗੱਲ ਬਣ ਸਕੇ।

-o-o-o-


ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

**ਮਹੀਨਾ ਵਾਰੀ ਗੁਰਮਤਿ ਸਮਾਗਮ**

**ਦੂਜਾ ਸਨੀਵਾਰ 09 ਦਸੰਬਰ 2023 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਮੋਰਿੰਡੇ ਦੇ ਰੰਘੜਾਂ ਜਾਨੀ ਖਾਂ ਮਾਨੀ ਖਾਂ ਦੀ ਸੁਧਾਈ

-ਡਾ.ਗੁਰਬਚਨ ਸਿੰਘ, ਮੋ : 98781-49511

ਪੰਜਾਬੀ ਦਾ ਪ੍ਰਸਿੱਧ ਅਖਾਣ ਹੈ : 'ਭਾਜੀ ਮੋੜਨੀ' ਭਾਵ ਕਿਸੇ ਵਲੋਂ ਕੀਤੀ ਗਈ ਵਧੀਕੀ ਦਾ ਮੋੜਵਾਂ ਉੱਤਰ ਦੂਣਾ-ਚਉਣਾ ਕਰਕੇ ਦੇਣਾ। ਖਾਲਸਾ ਪੰਥ ਅੱਜ ਤੱਕ ਇਸ ਅਖਾਣ ਤੇ ਪੂਰਾ ਉਤਰਦਾ ਆ ਰਿਹਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਾਤਾ ਗੁੱਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਿਹ ਸਿੰਘ ਜੀ ਉੱਤੇ ਦੁਸ਼ਟਾ ਵਲੋਂ ਕੀਤੇ ਗਏ ਜ਼ੁਲਮ ਦੀ ਉਦਾਹਰਣ ਦੁਨੀਆਂ ਭਰ ਵਿੱਚ ਕਿਤੇ ਨਹੀਂ ਮਿਲਦੀ। ਇਸ ਜ਼ੁਲਮ ਦੇ ਭਾਗੀਦਾਰ, ਖਾਲਸਾ ਪੰਥ ਨੇ ਚੁਣ ਚੁਣ ਕੇ ਮਾਰੇ ਸਨ। ਪਾਪੀ ਗੰਗੂ ਨੂੰ ਤਾਂ ਉਸ ਦਾ ਕੀਤਾ ਪਾਪ ਹੀ ਲੈ ਡੁੱਬਿਆ। ਵਜੀਦਾ, ਸੁੱਚਾ ਨੰਦ ਤੇ ਹੋਰ ਅਨੇਕਾਂ ਦੁਸ਼ਟ ਪਾਪੀਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਵਲੋਂ ਕੀਤੇ ਜ਼ੁਲਮ ਦੀ ਸਜ਼ਾ ਦਿੱਤੀ। ਮੋਰਿੰਡੇ ਦੇ ਰੰਘੜ ਜਾਨੀ ਖਾਂ ਮਾਨੀ ਖਾਂ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਗੰਗੂ ਦੇ ਘਰ ਤੋਂ ਫੜ ਕੇ ਲਿਆਂਦਾ ਤੇ ਸਰਹੰਦ ਪਹੁੰਚਾਇਆ ਸੀ ਉਸ ਸਮੇਂ ਖਾਲਸੇ ਦੀ ਮਾਰ ਤੋਂ ਬਚੇ ਰਹੇ। ਸਿੰਘਾਂ ਨੂੰ ਇਨ੍ਹਾਂ ਹੰਕਾਰੀ ਜਾਲਮਾਂ ਵਲੋਂ ਕੀਤੀ ਘਿਨਾਉਣੀ ਹਰਕਤ ਤੇ ਬਹੁਤ ਗੁੱਸਾ ਸੀ। ਇਹ ਦੁਸ਼ਟ ਜਦੋਂ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਸਰਹੰਦ ਲੈ ਕੇ ਜਾ ਰਹੇ ਸਨ ਤਾਂ ਰਸਤੇ ਵਿੱਚ ਲਲਕਾਰੇ ਮਾਰਦੇ ਜਾਂਦੇ ਸਨ। ਜਿਥੇ ਕੋਈ ਗੁਰੂ ਘਰ ਨਾਲ ਪਿਆਰ ਕਰਨ ਵਾਲਾ ਹਿੰਦੂ, ਸਿੱਖ ਮਿਲਦਾ ਤਾਂ ਤਾਹਨੇ ਮਾਰਦੇ ਹੋਏ ਕਹਿੰਦੇ ਸਨ ਕਿ ਅਸੀਂ ਤੁਹਾਡੇ ਗੁਰੂ ਦੀ ਮਾਤਾ ਤੇ ਬੱਚਿਆਂ ਨੂੰ ਫੜ ਕੇ ਲੈ ਜਾ ਰਹੇ ਹਾਂ ਜੇ ਤੁਹਾਡੇ ਵਿੱਚ ਤਾਕਤ ਹੈ ਤਾਂ ਛੁਡਾ ਲਓ। ਮੋਰਿੰਡੇ ਇਲਾਕੇ ਦੀ ਸਿੱਖ ਸੰਗਤ ਖਾਸ ਕਰਕੇ ਪਿੰਡ ਘੜੂੰਆਂ ਅਤੇ ਸਲੌਦੀ ਦੇ ਸਿੰਘਾਂ ਦੀਆਂ ਅੱਖਾਂ ਵਿੱਚ ਇਹ ਪਾਪੀ ਹਰ ਸਮੇਂ ਰੜਕਦੇ ਰਹਿੰਦੇ ਸਨ। ਉਹ ਹਮੇਸ਼ਾ ਹੀ ਇਸ ਮੌਕੇ ਦੀ ਭਾਲ ਵਿੱਚ ਸਨ ਕਿ ਕਦੋਂ ਇਨ੍ਹਾਂ ਦੁਸ਼ਟ ਪਾਪੀਆਂ ਨੂੰ ਸੋਧਿਆ ਜਾਵੇ।

ਸਿੱਖ ਮਿਸਲਾਂ ਦੇ ਕਾਲ ਸਮੇਂ ਸਰਹੰਦ ਦਾ ਗਵਰਨਰ ਜੈਨ ਖਾਨ ਸੀ। ਸਰਹੰਦ ਹਾਲੇ ਵੀ ਸਿੰਘਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ ਭਾਂਵੇ ਕਿ ਬਾਬਾ ਬੰਦਾ ਬਹਾਦਰ ਨੇ ਸੰਨ ੧੭੧੦ ਵਿੱਚ ਹੀ ਇਸ ਨੂੰ ਤਹਿਸ-ਨਹਿਸ ਕਰ ਦਿੱਤਾ ਸੀ। ਦਲ ਖਾਲਸਾ ਦੇ ਜਰਨੈਲ ਸ.ਜੱਸਾ ਸਿੰਘ ਆਹਲੂਵਾਲੀਆ ਨੇ ਸਰਹੰਦ ਨੂੰ ਸੋਧਣ ਲਈ ਤਿਆਰੇ ਕਸ ਲਏ ਅਤੇ ਭੰਗੀ, ਸ਼ੁਕਰਚਕੀਏ, ਕਨ੍ਹਈਏ ਅਤੇ ਰਾਮਗੜੀਏ ਸਰਦਾਰਾਂ ਨੂੰ ਵੀ ਸੱਦ ਲਿਆ। ਸਾਰਾ ਖਾਲਸਾ ਦਲ ਸ਼ੁਰੂ ਜਨਵਰੀ ਸੰਨ ੧੭੬੪ ਈ. ਨੂੰ ਰੋਪੜ ਦੇ ਮੁਕਾਮ ਤੋਂ ਸਤਲੁਜ ਪਾਰ ਕਰਕੇ ਚਮਕੌਰ

ਸਾਹਿਬ ਆ ਗਿਆ। ਇਥੋਂ ਜੈਨ ਖਾਨ ਦਾ ਦੀਵਾਨ, ਲੱਛਮੀ ਨਰਾਇਣ ਜੋ ਕਿ ਮਾਮਲਾ ਉਗਰਾਹ ਰਿਹਾ ਸੀ ਦੌੜ ਕੇ ਕੁਰਾਲੀ ਜਾ ਬੈਠਾ। ਜੈਨ ਖਾਨ ਆਪ ਵੀ ਸਿੰਘਾਂ ਦੇ ਡਰ ਤੋਂ ਬਹੁਤ ਬੇਚੈਨ ਸੀ ਇਥੋਂ ਤੱਕ ਕਿ ਡਰਦਾ ਮਾਰਿਆ ਦੀਵਾਨ ਲਛਮੀ ਨਰਾਇਣ ਦੀ ਮਦਦ ਲਈ ਵੀ ਨਹੀਂ ਬਹੁੜਿਆ। ਉੱਥੇ ਹੀ ਇੱਕ ਸਿੰਘ ਸਰਦਾਰ ਨੇ ਮਤਾ ਰੱਖਿਆ ਕਿ ਇਸ ਇਲਾਕੇ ਦੀ ਖਾਸ ਕਰਕੇ ਗੰਗੂ ਦੇ ਪਿੰਡ ਸਹੇੜੀ, ਰੰਘੜਾਂ ਦੇ ਗੜ੍ਹ ਮੋਰਿੰਡਾ ਤੇ ਕੁਰਾਲੀ ਦੀ ਸੁਧਾਈ ਕੀਤੀ ਜਾਵੇ। ਜੱਥੇਦਾਰ ਆਹਲੂਵਾਲੀਆ ਕੁਝ ਕਾਰਨਾ ਕਰਕੇ ਹਾਲੇ ਇਸ ਕਾਰਵਾਈ ਨੂੰ ਟਾਲਣਾ ਚਾਹੁੰਦੇ ਸਨ ਤਾਂ ਜੋ ਪਹਿਲਾ ਸਰਹੰਦ ਨੂੰ ਸੋਧਿਆ ਜਾ ਸਕੇ। ਪਰ ਪਿੰਡ ਘੜੂੰਏ ਦੇ ਸ.ਰਣ ਸਿੰਘ ਤੇ ਦਲ ਸਿੰਘ ਅਤੇ ਸਲੌਦੀ ਦੇ ਸਿੰਘਾਂ ਨੇ ਜੋਰ ਦੇ ਕੇ ਕਿਹਾ ਕਿ ਮੋਰਿੰਡੇ ਦੇ ਰੰਘੜਾਂ ਤੋਂ ਬਦਲਾ ਲੈਣਾ ਬਹੁਤ ਜ਼ਰੂਰੀ ਹੈ, ਜਿਨ੍ਹਾਂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਨੂੰ ਗ੍ਰਿਫਤਾਰ ਕੀਤਾ ਸੀ। ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੰਘਾਂ ਦੀ ਇਹ ਸਲਾਹ ਮੰਨਣੀ ਹੀ ਪਈ।

ਸਭ ਤੋਂ ਪਹਿਲਾਂ ਗੰਗੂ ਬ੍ਰਾਹਮਣ ਦੇ ਪਿੰਡ ਸਹੇੜੀ ਦੀ ਵਾਰੀ ਆਈ। ਸਾਰਾ ਪਿੰਡ ਘੇਰ ਕੇ ਤਹਿਸ-ਨਹਿਸ ਕਰ ਦਿੱਤਾ ਅਤੇ ਗੰਗੂ ਦੁਸ਼ਟ ਦਾ ਘਰ ਲੱਭ ਕੇ ਸਾੜ ਕੇ ਸੁਆਹ ਕਰ ਦਿੱਤਾ ਤੇ ਇਸ ਕਾਰਵਾਈ ਤੋਂ ਬਾਅਦ ਸਿੰਘ ਸਹੇੜੀ ਨੂੰ 'ਖੇੜੀ ਉਖੇੜੀ' ਭਾਵ ਬਰਬਾਦ ਹੋਈ ਕਹਿਣ ਲੱਗ ਪਏ ਸਨ। ਇਸ ਤੋਂ ਪਿਛੋਂ ਸਿੰਘਾਂ ਨੇ ਮੋਰਿੰਡੇ ਵਲ ਕੂਚ ਕੀਤਾ ਮੁੱਖੀ ਸਿੰਘ ਸਰਦਾਰਾਂ ਨੇ ਕੁਝ ਸੂਹੀਏ ਭੇਜੇ ਤਾਂ ਕਿ ਰੰਘੜਾਂ ਦੀ ਸਥਿੱਤੀ ਦਾ ਪਤਾ ਲਗ ਸਕੇ। ਸੂਹੀਏ ਸਿੰਘ, ਇੱਕ ਖੂਹ ਤੇ ਪਾਣੀ ਪੀਣ ਲਗੇ ਤਾਂ ਰੰਘੜਾਂ ਨੇ ਸਿੰਘਾਂ ਨੂੰ ਕੁਬੋਲ ਬੋਲੇ। ਕੁਝ ਰੱਸੇ ਦਿਖਾ ਕੇ ਕਹਿਣ ਲਗੇ ਕਿ ਇਹ ਤੁਹਾਡੇ ਸਿੰਘਾਂ ਦੇ ਕੇਸਾਂ ਦੇ ਵੱਟੇ ਹੋਏ ਹਨ। ਹੁਣ ਘਸ ਗਏ ਹਨ ਇਸ ਲਈ ਸਾਨੂੰ ਆਪਣੇ ਕੇਸ, ਦਾੜੀਆਂ ਰੱਸੇ ਵਟਣ ਲਈ ਦੇ ਜਾਓ। ਸ਼ਰਮ ਕਰੋ ਅਖਵਾਉਦੇ ਸਿੰਘ ਹੋ ਪਰ ਗਿਦੜਾਂ ਵਾਂਗ ਲੁਕੇ ਰਹਿੰਦੇ ਹੋ। ਜੇ ਹਿੰਮਤ ਹੈ ਤਾਂ ਆਓ ਮੈਦਾਨ ਵਿੱਚ ਦੋ ਹੱਥ ਕਰੋ ਅਸੀਂ ਤੁਹਾਡੀ ਅਲਖ ਮੁਕਾਉਣ ਲਈ ਤਿਆਰ ਬੈਠੇ ਹਾਂ। ਇਸ ਦੇ ਜਵਾਬ ਵਿੱਚ ਜਦੋਂ ਸਿੰਘਾਂ ਨੇ ਕੁਝ ਬੋਲ ਕਹੇ ਤਾਂ ਰੰਘੜਾਂ ਨੇ ਅਗੋਂ ਬੰਦੂਕੀ ਫਾਇਰ ਕਰ ਦਿਤੇ। ਜੱਥੇਦਾਰ ਕਰੋੜਾ ਸਿੰਘ ਨੂੰ ਜਦੋਂ ਇਹ ਵਾਰਦਾਤ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਝੱਟ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕਹਿ ਕੇ ਮੋਰਿੰਡੇ ਤੇ ਹਮਲਾ ਕਰਾ ਦਿੱਤਾ। ਮੋਰਿੰਡੇ ਵਾਲੇ ਰੰਘੜ ਝੱਟ ਪੱਟ ਦਰਵਾਜੇ ਬੰਦ ਕਰਕੇ ਅੰਦਰ ਮੋਰਚਿਆਂ ਵਿੱਚ ਵੜ ਗਏ।

ਸ.ਚੜਤ ਸਿੰਘ, ਸਤਿਕਾਰ ਯੋਗ ਦਾਦਾ ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਨੂੰ ਘੇਰ ਕੇ ਸਾਰੇ ਰਸਤੇ ਰੋਕ ਲਏ ਕਿਸੇ ਨੂੰ ਬਾਹਰ ਨਹੀਂ ਨਿਕਲਣ ਦਿੱਤਾ ਅਤੇ ਨਾ ਕੋਈ ਸਹਾਇਤਾ ਬਾਹਰੋਂ ਆਉਣ ਦਿੱਤੀ। ਸ਼ਹਿਰ ਦੇ ਦੁਆਲੇ ਰੰਘੜਾਂ ਨੇ ਡੂੰਘੀ ਖਾਈ ਪੁੱਟੀ ਹੋਈ

ਸੀ। ਇਸ ਖਾਈ ਤੇ ਫਸੀਲ ਦਾ ਰੰਘੜਾਂ ਨੂੰ ਮਾਣ ਸੀ ਪਰ ਸਿੰਘ ਫਟਾਫਟ ਪਾਰ ਕਰਕੇ ਫਸੀਲ ਉਤੇ ਜਾ ਚੜ੍ਹੇ ਅਤੇ ਅੰਦਰ ਛਾਲਾਂ ਮਾਰ ਦਿੱਤੀਆਂ। ਪਹਿਰੇਦਾਰਾਂ ਨੂੰ ਸਿੰਘਾਂ ਨੇ ਗਾਜਰ ਮੂਲੀਆਂ ਵਾਂਗ ਕੱਟ ਕੇ ਸ਼ਹਿਰ ਦੇ ਦਰਵਾਜੇ ਖੋਲ ਦਿੱਤੇ ਅਤੇ ਸਾਰਾ ਦਲ ਸ਼ਹਿਰ ਵਿੱਚ ਦਾਖਲ ਹੋ ਗਿਆ। ਘੰੜੂਏ ਅਤੇ ਸਲੌਦੀ ਵਾਲੇ ਸਿੰਘਾਂ ਨੇ ਜੋ ਮੋਰਿੰਡੇ ਦੇ ਰੰਘੜਾਂ ਨੂੰ ਚੰਗੀ ਤਰਾਂ ਜਾਣਦੇ ਸਨ, ਹਮਲੇ ਸਮੇਂ ਮੂਹਰੇ ਹੋ ਕੇ ਹੰਕਾਰੀ ਦੁਸ਼ਟਾਂ ਨੂੰ ਘਰਾਂ ਵਿਚੋਂ ਕੱਢ ਕੇ ਚੁਣ ਚੁਣ ਕੇ ਮਾਰਿਆ। ਸਭ ਤੋਂ ਪਹਿਲਾਂ ਜਾਨੀ ਖਾਂ ਮਾਨੀ ਖਾਂ ਦੇ ਘਰ ਨੂੰ ਘੇਰਿਆ ਗਿਆ। ਇਨ੍ਹਾਂ ਦਾ ਇੱਕ ਵੀ ਜੀਅ ਜਿਉਂਦਾ ਨਹੀਂ ਛੱਡਿਆ। ਜਾਨੀ ਖਾਂ ਤੇ ਮਾਨੀ ਖਾਂ ਦੋਵੇਂ ਭਰਾ ਸਨ। ਇਨ੍ਹਾਂ ਨੇ ਹੋਰ ਰੰਘੜਾਂ ਨੂੰ ਨਾਲ ਲੈ ਕੇ ਛੋਟੇ ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਜੀ ਨੂੰ ਗੰਗੂ ਬ੍ਰਾਹਮਣ ਦੇ ਘਰੋਂ ਫੜ ਕੇ ਸੂਬਾ ਸਰਹੰਦ ਵਜੀਰ ਖਾਂ ਦੇ ਸਪੁਰਦ ਕੀਤਾ ਸੀ। ਸਿੰਘਾਂ ਨੂੰ ਇਨ੍ਹਾਂ ਤੇ ਬਹੁਤ ਗੁੱਸਾ ਸੀ। ਭਾਈ ਰਣ ਸਿੰਘ ਤੇ ਭਾਈ ਦਲ ਸਿੰਘ ਨੇ ਇਨ੍ਹਾਂ ਦੁਸ਼ਟਾਂ ਦੇ ਸਿਰ ਹਥੌੜਿਆਂ ਨਾਲ ਭੰਨ ਸੁੱਟੇ। ਜਾਨੀ ਖਾਂ ਤੇ ਮਾਨੀ ਖਾਂ ਦੇ ਭਾਈਚਾਰੇ ਵਿਚੋਂ ਕੇਵਲ ਇੱਕ ਆਦਮੀ ਨੇ ਕਿਹਾ ਸੀ ਤੁਸੀਂ ਵੱਡਾ ਗੁਨਾਹ ਕਰ ਰਹੇ ਹੋ ਤੁਸੀਂ ਰੱਬ ਦੇ ਦੇਣ ਦਾਰ ਹੋਵੋਗੇ। ਘੜੂੰਏ ਵਾਲੇ ਸਿੰਘਾਂ ਨੂੰ ਇਸ ਘਰ ਦਾ ਪਤਾ ਸੀ। ਸਾਰੇ ਮੋਰਿੰਡੇ ਸ਼ਹਿਰ ਵਿੱਚੋਂ ਸਿਰਫ ਇਕੋ ਇਹੋ ਘਰ ਬਚਿਆ ਸੀ ਇਸ ਨੂੰ ਕਿਸੇ ਨੇ ਕੁਝ ਨਹੀਂ ਕਿਹਾ। ਸਿੰਘਾਂ ਨੇ ਬੱਚੇ ਅਤੇ ਔਰਤਾਂ ਨੂੰ ਛੱਡ ਕੇ ਬਾਕੀ ਸਭ ਰੰਘੜ ਕਤਲ ਕਰ ਦਿੱਤੇ। ਇਸ ਤਰ੍ਹਾਂ ਦੁਸ਼ਟ ਰੰਘੜਾਂ ਦਾ ਗੜ੍ਹ ਮੋਰਿੰਡਾ ਮਲੀਆ ਮੇਟ ਕਰ ਦਿਤਾ ਗਿਆ। ਇਸ ਤਬਾਹੀ ਵਿੱਚ ਘੜੂੰਏ ਵਾਲੇ ਸਰਦਾਰਾਂ ਦਾ ਸਭ ਤੋਂ ਵੱਧ ਹਿੱਸਾ ਸੀ ਜਿਨ੍ਹਾਂ ਨਾਲ ਮੋਰਿੰਡੇ ਦੇ ਰੰਘੜਾਂ ਦੀ ਪੁਰਾਣੀ ਕਸ਼ਮ-ਕਸ ਚਲੀ ਆਉਂਦੀ ਸੀ।

ਇਸ ਤੋਂ ਬਾਅਦ ਸਿੰਘਾਂ ਨੇ ਨਗਰ ਕੁਰਾਲੀ ਨੂੰ ਸੋਧਿਆ ਜਿਥੇ ਕਿ ਮੋਰਿੰਡੇ ਵਾਲੇ ਰੰਘੜਾਂ ਦੇ ਰਿਸਤੇਦਾਰ ਰਹਿੰਦੇ ਸਨ। ਜਿਵੇਂ ਕਿ ਉਪਰ ਲਿਖਿਆ ਗਿਆ ਹੈ ਕਿ ਦੀਵਾਨ ਲਛਮੀ ਨਰਾਇਣ ਜੈਨ ਖਾਨ ਵਲੋਂ ਮਾਮਲਾ ਇਕੱਠਾ ਕਰ ਰਿਹਾ ਸੀ ਅਤੇ ਕੁਰਾਲੀ ਮੌਜੂਦ ਸੀ। ਸਿੰਘਾਂ ਨੇ ਰੰਘੜਾਂ ਨੂੰ ਮਾਰ ਮੁਕਾਇਆ ਅਤੇ ਲਛਮੀ ਨਰਾਇਣ ਤੋਂ ਸਾਰਾ ਇਕੱਠਾ ਕੀਤਾ ਮਾਮਲਾ ਵੀ ਖੋਹ ਲਿਆ।

ਰਤਨ ਸਿੰਘ ਭੰਗੂ ਕਰਤਾ ਸ੍ਰੀ ਗੁਰੂ ਪੰਥ ਪ੍ਰਕਾਸ਼ (ਸੰਨ ੧੮੪੧) ਇਸ ਕਾਰਨਾਮੇ ਨੂੰ ਇਉਂ ਅੰਕਿਤ ਕਰਦੇ ਹਨ:

ਦੋਹਰਾ : ਸਿੰਘਨ ਮੁਲਖਯੋ ਸਦ ਪੁਛੇ ਜੋ ਸਿੰਘ ਊਹਾਂ ਥੋਇ।  
ਦੱਸ ਦੁਸ਼ਟ ਮਰਵਾਓ ਖਾਲਸੇ ਆਗੂ ਹੋਇ ਦਸੋਇ।

ਚੌਪਈ : ਘੜੂੰਏ ਵਾਲ ਔ ਸਲੌਦੀ ਵਾਲ । ਹੁੱਤੇ ਕਦੀਮੀ ਸਿੰਘਨ ਨਾਲ ।
ਉਨ ਦੋਇਨ ਮਿਲ ਇਮ ਗਲ ਕਹੀ। ਦੁਸ਼ਟਨ ਸਿਰ ਦੁਸ਼ਟ ਮੁਰੰਡੋ ਅਹੀ
ਸਾਹਿਬਜ਼ਾਦੇ ਜਿਨੈ ਫੜਾਇ । ਤਊ ਬਜੀਰੇ ਨੈ ਥੇ ਘਾਇ।
ਯਹ ਦੋਨਨ ਨੈ ਦਈ ਸਲਾਹਿ। ਮਾਰੋ ਯਾਹਿ ਅਬ ਛਾਡੋ ਨਾਂਹਿ।
ਜੱਸਾ ਸਿੰਘ ਕਛੁ ਚਹੈ ਟਲਾਯਾ। ਗਿਲਜਨ ਢਿਗ ਕਰ ਚਹੈ ਸੰਕਾਯਾ।
ਚੌਪਈ : ਰੱਬ ਸਬੱਬ ਜੁ ਕਰਾਯਾ ਲੋਰੈ। ਸੌ ਸਬੱਬ ਇਕ ਪਲ ਮੈਂ ਜੋਰੈ ।
ਕਿਛਕ ਪਿਆਸੇ ਸਿੰਘ ਤਹਿ ਭਏ। ਪਾਨੀ ਪੀਵਨ ਢਿਗ ਪਿੰਡ ਅਏ।
ਭਾਗ ਸਿੰਘ ਗਡਵਈ ਘਲਾਯੋ। ਜਾਇ ਗਡਵੋ ਉਨ ਖੂਹੈ ਘਤਾਯੋ।
ਰਣ ਸਿੰਘ ਦਲ ਸਿੰਘ ਘੜੂਵੈਂਵਾਲ। ਪੀਵਣ ਪਾਣੀ ਗਏ ਉਸ ਨਾਲ।
ਦੋਹਰਾ : ਸਸਤ੍ਰ ਫੜੇ ਰੰਘੜ ਖੜੇ, ਉੱਪਰ ਬੁਰਜਨ ਸੋਇ।
ਦੇ ਦੇ ਗਾਲੀ ਬਹੁ ਬਕੈ, ਮਨ੍ਹੈ ਕਰੈ ਨਹਿ ਕੋਇ।
ਗਾਰੀ ਦੇਹਿ ਸੁ ਅਤਿ ਬੁਰੀ, ਵਿੱਚ ਗੁਰੂਅਨ ਸਿੰਘਨ ਮਿਲਾਇ।
ਕਾਲਾ ਰੱਸਾ ਸੀੜ ਕਾ, ਦਿਖਲਾਯੋ ਰੰਘੜ ਘੁਮਾਇ ।੭।
ਚੌਪਈ : ਸਿੰਘਨ ਕਹੈਂ, ਯਿਹ ਬਾਲਨ ਸੀੜ । ਭਯੋ ਪੁਰਾਨੋ ਬਹੁਤ ਗਹੀਰ ।
ਅਬ ਹਮ ਬਾਲ (ਕੇਸ) ਨਵੇਂ ਦੇ ਜਾਵੋ। ਹਮ ਸੋ ਖੜ ਕੈ ਜੰਗ ਮਚਾਵੋ।
ਲਾਨਤ ਤੁਮ ਕੋ ਲੜੋ ਜੁ ਨਾਂਹਿ। ਪਿੱਠ ਦੇ ਦੇ ਅਬ ਨਠੇ ਕਿਮ ਜਾਂਹਿ।
ਤੁਮਰੇ ਗੁਰ ਕੇ ਹਮ ਪੁੱਤਰ ਮਾਰੇ। ਤੁਮ ਮਾਰਨ ਕੋ ਹਮ ਫਿਰੈਂ ਤਿਆਰੇ।
ਘੜੂਅਨ ਵਾਲਨ ਯੋ ਸੁਨ ਲਈ। ਅਗਯੋਂ ਉਨ੍ਹੈਂ ਭੀ ਗਾਲੀ ਦਈ।
ਦੋਹਰਾ : ਸੋ ਸੁਨ ਰੰਘੜਨ ਨੈ ਤਬੈ, ਦੀਨੀ ਛਲਕ ਚਲਾਇ।
ਤਾਰਾ ਸਿੰਘ ਕੇ ਸਿੰਘ ਕੋ, ਲਗੀ ਸੁ ਗੋਲੀ ਆਇ।
ਤਾਰੇ ਸਿੰਘ ਸੁਨ ਅਗ ਲਗੀ, ਵਖਤ ਪਹੁੰਚਿਯੋਂ ਆਇ।
ਘੜੂੰਅਨ ਵਾਲਨ ਸਭ ਕਹੀ ਭਾਂਬੜ ਦੀਓ ਮਚਾਇ।
ਚੌਪਈ : ਆਵਤ ਸਿੰਘਨ ਉਨ ਛਲਕ ਚਲਾਈ।
ਲਗੀ-ਅ-ਲਗੀ ਕਿਛ ਜਾਨ ਨ ਪਾਈ।
ਢੁਕ ਸਿੰਘਨ ਫਿਰ ਛੱਲਕ ਕਰੀ। ਸੀਸ ਲਗੀ ਉਨ ਕੇ ਗਏ ਮਰੀ।
ਖਾਈ ਦਿਸੈ ਅਤਿ ਛੋਟੀ ਸੋਇ। ਊਚ ਕੰਧ ਭਈ ਨੀਚੀ ਤੋਇ।
ਸਿੰਘਨ ਚਕ ਚਕ ਸਿੰਘ ਚੜ੍ਹਾਵੈ । ਬਿਨ ਪੌੜਨ ਸਿੰਘ ਚੜ੍ਹਤੇ ਜਾਵੈਂ।
ਚੜ੍ਹ ਕਰ ਸਿੰਘਨ ਫੜੀ ਤਲਵਾਰ । ਕਟ ਰੰਘੜ ਬਹੁ ਦੀਨੇ ਮਾਰ।

ਘੜੂੰਵੈਵਾਲ ਘਰ ਵੜੇ ਲੁਹਾਰ। ਲਏ ਹਥੌੜੇ ਉਨੈਂ ਸੰਭਾਲ।
ਮਾਰ ਹਥੌੜੇ ਦਏ ਸਿਰ ਫੋੜ। ਰੰਘੜ ਮਾਰੈਂ ਸਿਰ ਕਰ ਜੋਰ।
ਰੰਘੜਨ ਕੀ ਉਨ ਹੁਤੀ ਪਛਾਣ। ਪੰਚ ਟੋਲ ਕਰ ਮਾਰਹਿ ਤਾਣ।
ਦੋਹਰਾ : ਜਾਨੀ ਮਾਨੀ ਨਾਮ ਉਨ ਬੜੇ ਮੁਕੱਦਮ ਜੋਇ।
ਜਿਨੈ ਫੜਾਏ ਆਪ ਥੇ, ਸਾਹਿਬਜ਼ਾਦੇ ਦੋਇ।
ਚੌਪਈ : ਘੜੂਵੈਂ ਵਾਲਨ ਸੋ ਲਭ ਲਏ। ਹਥੌੜਨ ਸੋਂ ਉਨ ਪੁਤ੍ਰ ਮਾਰ ਦਏ।
ਫਿਰ ਉਨ ਕੇ ਲਏ ਪੋਤ੍ਰੇ ਪਛਾਣ। ਉਲਾਦ ਛੋਡੀ ਨ ਉਸ ਕੀ ਜਾਨ।
ਬੰਸ ਘਾਤ ਉਨ ਰੰਘੜਨ ਹੋਈ। ਕਿਮ ਬਚਨੀ ਥੀ ਉਨ ਕੁਲ ਜੋਈ।
ਹੋਰ ਜੁ ਉਨ ਕੇ ਭਾਈ ਸ੍ਰਦਾਰ। ਮਾਰ ਹਥੌੜੇ ਸੋ ਦਏ ਮਾਰ।

**ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਇਹ ਪ੍ਰਸੰਗ ਇਸ ਪ੍ਰਕਾਰ ਲਿਖਿਆ ਹੈ :**

ਚੌਪਈ : ਦਲ ਸਿੰਘ ਰਣ ਸਿੰਘ ਆਦਿ ਅਨੇਕ।
ਨਗਰ ਘੜੂੰਏ ਕੇ ਸਿੰਘ ਨੇਕ।
ਪੰਥ ਵੀਚ ਥੇ ਉਨੈ ਸੁਨਾਯੋ। ਗ੍ਰਾਮ ਮੋਰਿੰਡਾ ਚਹੀਏ ਘਾਯੋ।
ਜਾਨੀ ਖਾ ਮਾਨੀ ਖਾਂ ਰਜਪੂਤੇ। ਜੁਲਮ ਕਰਿਓ ਹੈ ਅਤਿ ਮੈ ਉਤੈ।
ਸਾਹਿਬਜਾਦੇ ਗੁਜਰੀ ਮਾਤਾ। ਉਨੈ ਪਕਰ ਲੈ ਜਾਇ ਬਖਿਆਤਾ।
ਸੂਬੈ ਸਰਹੰਦ ਕੋ ਪਕਰਾਏ। ਔਰ ਸਿੰਘ ਉਨ ਬਹੁ ਮਰਵਾਏ।
ਬਹੁ ਸਿੰਘਨ ਕੇ ਸਿਰ ਉਨ ਮੁਨਕੈ। ਰੱਸੇ ਵੱਟੇ ਦੁਸਮਨ ਗੁਨ ਕੈ।
ਬੋਲੈ ਉਨੈ ਜੁਲਮ ਕਾ ਸ੍ਵਾਦ । ਖੂਬ ਚਖਾਇ ਕਰੋ ਬਰਬਾਦ।
ਕਰ ਅਰਦਾਸ ਚਢੈ ਤਿਸ ਵੇਰੇ। ਦਸਕ ਸਿੰਘ ਜਬ ਢੁਕੈ ਨੇਰੈ।
ਮੂਰਖ ਮੁਸਲੇ ਮੌਤ ਪਰੇਰੇ। ਜਬੈ ਕੁਬਚਨ ਐਸ ਬਹੁਟੇਰੇ।
ਉਨ ਕੇ ਸੁਨ ਕੁਬੈਨ ਸਿੰਘਾਂ ਨੈ। ਚਢਯੋ ਰੋਹ ਰਸ ਬੀਰ ਮਹਾਨੈ।
ਸ੍ਵੈਯਾ : ਮਾਰ ਮਚੀ ਤਲਵਾਰਨ ਸੇਲਨ ਤੁਪਕ ਤੀਰ ਕਟਾਰ ਦੁਧਾਰਨਿ।
ਲੋਥਨ ਊਪਰ ਲੋਥ ਗਈ ਚਢ ਰੁੰਡਨ ਮੁੰਡਨ ਕੀ ਕੁਛ ਸਾਰ ਨ।
ਜਾਇ ਕੁਟੰਬ ਸਮੇਤ ਗਹੇ ਤਬ ਜਾਨੀ ਰੁ ਮਾਨੀ ਖਾਂ ਆਦਿ ਬਿਸਾਲੈ।
ਸੋ ਅਤਿਸੈ ਦੁਖ ਦੈ ਕਰ ਸਿੰਘ ਮਾਰੇ ਲਯੋਨਿਜ ਬੈਰ ਕਮਾਲੈ।
ਦੋਹਰਾ : ਮਾਰ ਮੋਰੰਡੇ ਤਾਈ ਲੁਟ ਨਗਰ ਕੁਰਾਲੀ ਜਾਇ।
ਡੇਰਾ ਕੀਨੋ ਖਾਲਸੇ ਫਤੇ ਸਤਰ ਪਰ ਪਾਇ।

ਇਸ ਪ੍ਰਕਾਰ ਰਣ ਸਿੰਘ ਦਲ ਸਿੰਘ ਤੇ ਹੋਰ ਸਿੰਘਾਂ ਨੇ ਸਾਹਿਬਜ਼ਾਦਿਆਂ ਦੇ ਦੁਸਮਣਾਂ ਤੋਂ ਕੀਤੇ ਦਰਦਨਾਕ ਜ਼ੁਲਮ ਦਾ ਬਦਲਾ ਲਿਆ।

ਪਿੰਡ ਘੰੜੂਆ ਦੇ ਕੈਰੋਂਆਣਾ ਟੋਭੇ ਕੰਢੇ ਇਨ੍ਹਾਂ ਸਿੰਘਾਂ ਦੀਆਂ ਸਮਾਧਾਂ ਬਣੀਆ ਹੋਈਆਂ ਹਨ ਭਾਵੇ ਕਿ ਇਨ੍ਹਾਂ ਦੀ ਸ਼ਹੀਦੀ ਬਾਰੇ ਕਿਸ ਨੂੰ ਵੀ ਪਤਾ ਨਹੀਂ ਕਿ ਕਿਵੇਂ ਅਤੇ ਕਿੱਥੇ ਹੋਈ। ਇਨ੍ਹਾਂ ਸਿੰਘਾਂ ਦੇ ਟੱਬਰ ਵਿਚੋਂ ਸ.ਰਮਨਦੀਪ ਸਿੰਘ ਮਠਾੜੂ ਨੇ ਦਸਿਆ ਕਿ ਇਹ ਸਮਾਧਾਂ ਉਨ੍ਹਾਂ ਦੀ ਸੋਝੀ ਤੋਂ ਬਹੁਤ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ। ਸਮਾਧ ਵਾਲੇ ਕਮਰੇ ਅੰਦਰ ਹੀ ਅਲਮਾਰੀ ਵਿੱਚ ਇੱਕ ਚੋਲਾ ਵੀ ਬਿਰਾਜਮਾਨ ਹੈ। ਇਹ ਚੋਲੇ ਦੋ ਸਨ ਇੱਕ ਬਿਰਧ ਹੋ ਕੇ ਨਸ਼ਟ ਹੋ ਗਿਆ ਹੈ। ਇਸ ਅਸਥਾਨ ਉਤੇ ਇਨ੍ਹਾਂ ਸਿੰਘਾਂ ਦੀ ਯਾਦ ਵਿੱਚ ਵਿਸਾਖੀ ਵਾਲੇ ਦਿਨ ਪਾਠ ਦਾ ਭੋਗ ਪਾਇਆ ਜਾਂਦਾ ਹੈ ਦੀਵਾਨ ਸਜਾਏ ਜਾਂਦੇ ਹਨ ਅਤੇ ਲੰਗਰ ਵਰਤਾਇਆ ਜਾਂਦਾ ਹੈ। ਇੱਕ ਹੋਰ ਯਾਦਗਾਰ ਗੁਰਦੁਆਰਾ ਮਲਕਸਰ ਦੇ ਰੂਪ ਵਿੱਚ ਮਲਕੂਆਣਾ ਟੋਭੇ ਦੇ ਕੰਢੇ ਬਣੀ ਹੋਈ ਹੈ। ਜੋ ਕਿ ਖਰੜ ਮੋਰਿੰਡਾ ਸੜਕ ਦੇ ਬਿਲਕੁਲ ਨਜ਼ਦੀਕ ਹੈ। ਇਥੇ ਇਤਿਹਾਸ ਦਰਸਾਉਂਦਾ ਜੋ ਬੋਰਡ ਲੱਗਾ ਹੈ ਉਸ ਦੀ ਲਿਖਤ ਇਸ ਪ੍ਰਕਾਰ ਹੈ 'ਗੁਰਦੁਆਰਾ ਮਲਕਸਰ ਸਾਹਿਬ ਘੰੜੂਆ ਯਾਦਗਾਰ ਪੁਰਾਤਨ ਸ਼ਹੀਦ ਭਾਈ ਰਣ ਸਿੰਘ ਭਾਈ ਦਲ ਸਿੰਘ ਘੜੂੰਆ ਨਿਵਾਸੀ (ਦਲ ਖਾਲਸਾ) ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਦਾ ਬਦਲਾ ੧੭੬੩ ਈ. ਨੂੰ ਲਿਆ'। ਲੇਖਕ ਨੇ ਮਾਸਟਰ ਗੁਰਚਰਨ ਸਿੰਘ ਘੰੜੂਆ ਨਿਵਾਸੀ ਉਮਰ ੮੫ ਸਾਲ ਜਿਨ੍ਹਾਂ ਨੇ ਇਸ ਯਾਦਗਾਰ ਦੀ ਸੇਵਾ ਵਿੱਚ ਭਰਪੂਰ ਹਿੱਸਾ ਪਾਇਆ ਹੈ ਨਾਲ ਗੱਲਬਾਤ ਕੀਤੀ ਅਤੇ ਬੇਨਤੀ ਕੀਤੀ ਕਿ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸਾਲਾਨਾ ਸਮਾਗਮ ਜ਼ਰੂਰ ਹੋਣਾ ਚਾਹੀਦਾ ਹੈ, ਕਿਉਂਕਿ ਇਸੇ ਸਮੇਂ ਗੁਰਦੁਆਰਾ ਸਾਹਿਬ ਵਿੱਚ ਸੰਗਰਾਂਦ ਅਤੇ ਵਿਸਾਖੀ ਸਮੇਂ ਹੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਮਾਸਟਰ ਜੀ ਨੇ ਇਸ ਸੰਬੰਧੀ ਆਪਣੀ ਸਹਿਮਤੀ ਪ੍ਰਗਟਾਈ।

ਘੜੂੰਆਂ, ਤਹਿਸੀਲ ਖਰੜ, ਜ਼ਿਲਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਇੱਕ ਇਤਿਹਾਸਕ ਪਿੰਡ ਹੈ। ਇਹ ਪਿੰਡ ਖਰੜ-ਮੋਰਿੰਡਾ ਲੁਧਿਆਣਾ ਸੜਕ ਤੇ ਖਰੜ ਤੋਂ ੭ ਕਿ.ਮੀ. ਦੂਰ ਸਥਿੱਤ ਹੈ। ਭਾਈ ਰਣ ਸਿੰਘ, ਦਲ ਸਿੰਘ ਦੀ ਸ਼ਹੀਦੀ ਬਾਰੇ ਹੋਰ ਖੋਜ ਦੀ ਲੋੜ ਹੈ।

-o-o-o-

# ਅਨੰਦੁ ਸਾਹਿਬ ਦੀ ਬਾਣੀ ਵਿੱਚ ਕੁਝ ਪ੍ਰਸ਼ਨ-ਉੱਤਰ

-ਸ.ਹਰਭਜਨ ਸਿੰਘ, ਲੁਧਿਆਣਾ, ਮੋਬਾਇਲ : ੯੪੧੭੬-੩੩੧੦੯

ਇੱਕ ਸਾਧਾਰਨ ਜਗਿਆਸੂ ਦੇ ਸ਼ੰਕਿਆਂ ਨੂੰ ਨਿਵਾਰਨ ਲਈ ਗੁਰਬਾਣੀ ਵਿੱਚ ਇੱਕ ਬੜਾ ਪਰਭਾਵਸ਼ਾਲੀ ਢੰਗ ਆਪਨਾਂਦੇ ਹੋਏ ਪ੍ਰਸ਼ਨ ਉਲੀਕ ਕੇ ਫਿਰ ਉੱਤਰ ਵੀ ਨਾਲ ਹੀ ਦਿੱਤਾ ਗਿਆ ਹੈ। ਉਦਾਹਰਣ ਵਜੋਂ ਜਪੁਜੀ ਸਾਹਿਬ ਦੀ ਪਵਿੱਤ੍ਰ ਬਾਣੀ ਦੀ ਪਹਿਲੀ ਪਉੜੀ ਦੇ ਅੰਤ ਵਿੱਚ ਗੁਰੂ ਨਾਨਕ ਸਾਹਿਬ ਨੇ ਇੱਕ ਬੜਾ ਜ਼ਰੂਰੀ ਬੁਨਿਆਦੀ ਨੁਕਤਾ ਪ੍ਰਸ਼ਨ ਦੇ ਰੂਪ ਵਿੱਚ ਇੰਜ ਉਠਾਇਆ ਹੈ ਕਿ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ " ਫਿਰ ਅਗਲੀ ਤੁਕ ਵਿੱਚ ਉੱਤਰ ਬਖਸ਼ਿਸ਼ ਕਰ ਦਿੱਤਾ ਕਿ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ"।

ਠੀਕ ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ "ਅਨੰਦੁ ਸਾਹਿਬ" ਦੀ ਬਾਣੀ ਵਿੱਚ ਕੁਝ ਪ੍ਰਸ਼ਨ ਉਠਾਏ ਹਨ ਅਤੇ ਫਿਰ ਸਾਡੇ ਭਲੇ ਲਈ ਆਪ ਜੀ ਨੇ ਉੱਤਰ ਵੀ ਬਖਸ਼ਿਸ਼ ਕਰ ਦਿੱਤੇ। ਐਸੇ ਕੁਝ ਪ੍ਰਸ਼ਨ ਅਤੇ ਉੱਤਰ ਹੇਠਾਂ ਦਿੱਤੇ ਜਾ ਰਹੇ ਹਨ :-

ਪ੍ਰਸ਼ਨ : **ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਭਾਵ : ਹੇ ਸਦਾ ਥਿਰ ਰਹਿਣ ਵਾਲੇ ਮਾਲਕ ਸੱਚੇ ਪ੍ਰਭੂ ਜੀ !
ਤੇਰੇ ਘਰ ਵਿੱਚ ਕੀ ਨਹੀਂ ਹੈ ?

ਉੱਤਰ : **ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਭਾਵ : ਵਾਹਿਗੁਰੂ ਜੀ ! ਆਪ ਜੀ ਦੇ ਘਰ ਵਿੱਚ ਸਭ ਕੁਝ ਹੈ। ਜਿਸ ਨੂੰ ਤੁਸੀਂ ਆਪ ਕ੍ਰਿਪਾ ਕਰਕੇ ਦੇਵੋਂ, ਕੇਵਲ ਉਹ ਹੀ ਪ੍ਰਾਪਤ ਕਰ ਸਕਦਾ ਹੈ।

ਪ੍ਰਸ਼ਨ : **ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**
**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**

ਭਾਵ : ਪਿਆਰੇ ਸੰਤ-ਜਨੋ ਆਓ ! ਉਸ ਨਾ ਕਥੇ ਜਾਣ ਵਾਲੇ ਪ੍ਰਮਾਤਮਾ ਦੀਆਂ ਕਹਾਣੀਆਂ ਕਰੀਏ, ਇਹ ਵੀਚਾਰ ਕਰੀਏ ਕਿ ਉਸ ਨੂੰ ਕਿਸ ਤਰੀਕੇ ਨਾਲ ਪਾਇਆ ਜਾ ਸਕਦਾ ਹੈ ?

ਉੱਤਰ : **ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

ਭਾਵ : ਗੁਰੂ ਨੂੰ ਆਪਣਾ ਤਨ, ਮਨ ਤੇ ਧਨ ਭਾਵ ਸਭ ਕੁਝ ਸਮਰਪਿਤ ਕਰਕੇ ਉਸਦਾ ਹੁਕਮ ਮੰਨਣ ਨਾਲ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

ਪ੍ਰਸ਼ਨ : **ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥**

ਭਾਵ : ਸ਼ੰਕੇ ਦੇ ਭਰਮ ਕਾਰਣ ਅਤਿ ਮੈਲੇ ਮਨ ਨੂੰ ਕਿਸ ਤਰੀਕੇ ਨਾਲ ਧੋ ਕੇ ਨਿਰਮਲ ਕੀਤਾ ਜਾ ਸਕਦਾ ਹੈ ?

ਉੱਤਰ : **ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥**

ਭਾਵ : ਗੁਰ-ਸ਼ਬਦ ਨਾਲ ਜੁੜ ਕੇ ਅਤੇ ਗੁਰੂ-ਸ਼ਬਦ ਦੀ ਕਮਾਈ ਨਾਲ ਮਨ ਦੀ ਮੈਲ ਨੂੰ ਧੋਵੇ ਅਤੇ ਸਦਾ ਪ੍ਰਭੂ ਨਾਲ ਮਨ ਜੋੜੀ ਰੱਖੇ।

ਪ੍ਰਸ਼ਨ : **ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥**
**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥**
**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥**

ਭਾਵ : ਹੇ ਮੇਰਿਆ ਸਰੀਰਾ ! ਇਸ ਸੰਸਾਰ ਵਿੱਚ ਆਕੇ ਤੂੰ ਕੀ ਕੰਮ ਕੀਤੇ ਹਨ ? (ਭਾਵ ਤੂੰ ਕੋਈ ਚੰਗਾ ਕੰਮ ਨਹੀਂ ਕੀਤਾ)। ਹੇ ਮੇਰੇ ਸਰੀਰ ! ਤੂੰ ਸੰਸਾਰ ਵਿੱਚ ਆ ਕੇ ਮੰਦੇ ਕਰਮ ਹੀ ਕੀਤੇ ਹਨ। ਜਿਸ ਪ੍ਰਮਾਤਮਾ ਨੇ ਇਤਨਾ ਸੁੰਦਰ ਸਰੂਪ ਬਣਾ ਕੇ ਤੈਨੂੰ ਦਿੱਤਾ ਹੈ, ਤੂੰ ਉਸ ਵਾਹਿਗੁਰੂ ਨੂੰ ਆਪਣੇ ਮਨ ਵਿੱਚ ਵਸਾਇਆ ਹੀ ਨਹੀਂ ਭਾਵ ਬਿਲਕੁਲ ਵਿਸਾਰ ਦਿੱਤਾ ਹੈ।

ਉੱਤਰ : **ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**
**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥**

ਭਾਵ : ਗੁਰੂ ਦੀ ਕ੍ਰਿਪਾ ਦੁਆਰਾ ਕਿਸੇ ਪੂਰਬਲੇ ਭਾਗ ਦਾ ਅੰਕੁਰ ਫੁਟਿਆ ਅਤੇ ਉਸ ਦੇ ਲਿਖੇ ਹੁਕਮ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਹੋਈ ਅਤੇ ਉਹ ਮਨ ਵਿੱਚ ਵਸ ਗਿਆ। ਗੁਰੂ ਨਾਨਕ ਜੀ ਦੇ ਤੀਸਰੇ ਸਰੂਪ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਜਿਸ ਨੇ ਸਤਿਗੁਰੂ ਨਾਲ ਮਨ ਜੋੜ ਲਿਆ, ਉਸ ਦਾ ਇਹ ਮਨੁੱਖੀ-ਸਰੀਰ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਗਿਆ।

-o-o-o-

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਅਕਤੂਬਰ-2023 ਵਿੱਚ ਆਈ ਸਹਾਇਤਾ

**ਜਰਨਲ** : ਸ.ਕੁਲਦੀਪ ਸਿੰਘ ੧੫੦੦੦/-, ਸ.ਜਸਭਿੰਦਰ ਸਿੰਘ ੫੦੦੦/-, ਸ.ਸੁਖਬੰਸ ਸਿੰਘ ੫੦੦/-, ਸ.ਤੇਜਵੰਤ ਸਿੰਘ ੫੦੦/-, ਸ.ਸਵਰਨ ਸਿੰਘ ੨੦੦੦/-, ਸ.ਭਗਵੰਤ ਸਿੰਘ ੨੧੦੦/-, ਸ.ਸੁਰਜੀਤ ਸਿੰਘ ੫੦੦੦/-, ਸ.ਬਲਦੇਵ ਸਿੰਘ ੧੦੦੦/-, ਸ.ਅਮੋਲਦੀਪ ਸਿੰਘ ੧੦੦੦/-, ਸ.ਬਲਜੀਤ ਸਿੰਘ ੧੦੦੦੦/-, ਸ.ਕਰਨੈਲ ਸਿੰਘ ੧੦੦੦/-, ਸ.ਗੁਲਜਾਰ ਸਿੰਘ ੧੦੦੦/-, ਗੁਪਤ ੫੦੦/-, ਸ.ਮਨਜੀਤ ਸਿੰਘ ੫੦੦/-, ਸ.ਭੁਪਿੰਦਰ ਸਿੰਘ ੨੦੦/-, ਸ.ਕਰਤਾਰ ਸਿੰਘ ੨੦੦/-, ਸ.ਅਮਰਜੀਤ ਸਿੰਘ ੪੦੦/-, ਗੁਪਤ ੨੦੦+੧੦੦/-, ਸ.ਹਰਜੀਤ ਸਿੰਘ ੨੦੦/-, ਸ.ਹਰਵਿੰਦਰ ਸਿੰਘ ੧੦੦੦/-, ਸ.ਹਰਪਾਲ ਸਿੰਘ ੨੦੦/-, ਸ.ਮੋਹਿੰਦਰ ਸਿੰਘ ੧੦੦/-, ਸ.ਬਲਜੀਤ ਸਿੰਘ ੫੦੦/-, ਗੁਪਤ ੨੫੦੦/-, ਸ.ਦਲਜੀਤ ਸਿੰਘ ੫੦੦/-, ਸ.ਪਰਮਜੀਤ ਸਿੰਘ ੧੫੦੦/-, ਗੁਪਤ ੧੦੦+੧੯੦੦/-, ਸ.ਜਸਬੀਰ ਸਿੰਘ ੧੦੦/-, ਬੀ.ਕੁਲਦੀਪ ਕੌਰ ੧੧੦੦/-, ਸ.ਤੇਜਪਾਲ ਸਿੰਘ ੮੦੦/-, ਸ.ਅਮਰਜੀਤ ਸਿੰਘ ੫੦੦/-, **ਸ.ਬਲਦੇਵ ਸਿੰਘ ਸੈਕਟਰ ੩ਬੀ੨ ਰਾਹੀਂ** : ਸ੍ਰੀ.ਰਾਮ ਸਰੂਪ ਜੋਸ਼ੀ ੨੦੦/-, ਬੀਬੀ ਜਗਦੀਸ਼ ਕੌਰ ੨੦੦/-, ਸ.ਕੁਲਦੀਪ ਸਿੰਘ ੧੦੦/-, **ਸ.ਬਲਦੇਵ ਸਿੰਘ ਫੇਜ ੧੦ ਰਾਹੀਂ** :ਬੀਬੀ ਸਿੰਦਰਪਾਲ ਕੌਰ ੨੦੦/-, ਸ.ਅਵਤਾਰ ਸਿੰਘ ੧੦੦/-, ਸ.ਜਗਦੀਸ਼ ਕੌਰ ੫੦/-, ਡਾ.ਦਰਸ਼ਨਜੋਤ ਕੌਰ ੫੦/-, ਸ.ਬਲਦੇਵ ਸਿੰਘ ੧੦੦/-, **ਸ.ਬਰਿੰਦਰ ਸਿੰਘ ਫੇਜ ੧੦ (ਸੈਕਟਰ ੬੫) ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਪ੍ਰਿਤਪਾਲ ਸਿੰਘ ੨੦੦/-, ਮੇਜਰ ਮਿਹਰ ਸਿੰਘ ੫੦੦/-, ਸ.ਜਸਵੰਤ ਸਿੰਘ ੧੦੦/-, ਸ.ਨਗਿੰਦਰ ਸਿੰਘ ੧੦੦/-, ਸ.ਬਲਜੀਤ ਸਿੰਘ ੧੦੦/-, ਸ.ਸੁੱਚਾ ਸਿੰਘ ੫੦/-, ਸ.ਰਣਬੀਰ ਸਿੰਘ ੨੦੦/-, ਸ.ਕੁਲਦੀਪ ਸਿੰਘ ੫੦/-, ਸ.ਤੇਜਪਾਲ ਸਿੰਘ ੧੦੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦੦/-, ਸ੍ਰੀ.ਸ਼ਿਵ ਸਰੂਪ ਜੋਸ਼ੀ ੧੦੦/-, ਸ.ਕਰਮ ਸਿੰਘ ੨੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, ਸ.ਰੁਪਿੰਦਰ ਸਿੰਘ ੧੦੦/-, **ਸ.ਰਘਬੀਰ ਸਿੰਘ ਸੈਕਟਰ ੩੭-੩੮ ਰਾਹੀਂ** : ਗੁਪਤ ੩੦/-, ਸ੍ਰੀ.ਆਰ.ਐਸ.ਤਿਵਾੜੀ ੫੦/-, ਸ੍ਰੀ.ਐਮ.ਪੀ.ਸਿੰਘ ੧੦੦/-, ਸ੍ਰੀ.ਜੀ.ਐਮ.ਐਸ.ਜੱਗੀ ੧੦੦/-, ਸ.ਹਰਦੀਪ ਸਿੰਘ ੨੦੦/-, ਸ.ਅਮਨਪ੍ਰੀਤ ਸਿੰਘ ੧੦੦/-, ਸ.ਤੇਜਾ ਸਿੰਘ ਸੈਣੀ ੧੦੦/-, ਸ.ਸੁਮੀਤ ਸਿੰਘ ੫੦੦/-, ਸ.ਸਾਧੂ ਸਿੰਘ ੨੦੦/-, ਸ.ਸੋਹਨ ਸਿੰਘ ੨੦੦/-, ਸ.ਹਰਪ੍ਰੀਤ ਸਿੰਘ ੧੦੦੦/-, ਸ.ਰਘਬੀਰ ਸਿੰਘ ੧੦੨੦/-, **ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : ਸ.ਦਿਲਵਰ ਸਿੰਘ ੧੦੦+੧੦੦/-, ਬੀਬੀ ਅਤਰ ਕੌਰ ੧੦੦+੧੦੦/-, ਡਾ.ਸੁਰਿੰਦਰ ਸਿੰਘ ੩੦੦/-, ਸ.ਰਤਨ ਸਿੰਘ ੧੦੦+੧੦੦/-, ਸ.ਮਨਦੀਪ ਸਿੰਘ ੧੦੦-, ਸ.ਹਰਸ਼ਮੀਤ ਸਿੰਘ ੧੦੦/-, ਸ.ਬਲਿਹਾਰ ਸਿੰਘ ੧੦੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ.ਅਮਰ ਸਿੰਘ ੧੦੦/-, ਸ਼ਰਮਾ ਪਰਿਵਾਰ ੧੦੦/-, ਗੁਲਾਟੀ ਪਰਿਵਾਰ ੧੦੦/-, ਬੀਬੀ ਦਲਜੀਤ ਕੌਰ ੫੦/-,ਸ.ਤ੍ਰਿਪਤਪਾਲ ਸਿੰਘ ੫੦੦/-, ਸ.ਉਪਕਾਰ ਸਿੰਘ ੫੦੦/-, ਸ.ਗੁਰਬਚਨ ਸਿੰਘ ੫੦੦/-, ਸ.ਹਰਜਿੰਦਰ ਸਿੰਘ ੩੫੦/-, **ਸ.ਗਿਆਨੀ ਮਨਜੀਤ ਸਿਘ ਮੋਹਾਲੀ ਰਾਹੀਂ** : ਸ.ਮਹਿੰਦਰ ਸਿੰਘ ੫੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਮਿਲਨ ਸ਼ੋਪ ੫੦/-, ਚੋਹਾਨ ਜਿਊਲਰਜ਼ ੧੦੦/-, ਬੀਬੀ ਰਤਨ ਕੌਰ ੫੦੦/-, ਬੀਬੀ ਬਲਦੇਵ ਕੌਰ ੨੦੦/-, ਸ.ਬਲਦੇਵ ਸਿਮਘ ੧੦੦/-, ਸ.ਤਰਲੋਚਨ ਸਿੰਘ ੮੦੦/-, ਸ.ਕੁਲਦੀਪ ਸਿੰਘ ੨੦/-, ਬੀਬੀ ਦਲਜੀਤ ਕੌਰ ੨੦੦/-, ਗੁਪਤ ੨੦੦/-, ਸ.ਜੋਗਿੰਦਰ ਸਿੰਘ ੫੦/-, ਸ.ਹਰਬੰਸ ਸਿੰਘ ੫੦/-, ਐਚ ੪੫੨/੧= ੧੦੦/-, ਦੁਆਬਾ ਫੈਸ਼ਨ ਹਾਊਸ ੧੦੦/-, ਸ.ਜੋਗਿੰਦਰ ਸਿੰਘ ੫੦/-, ਸ.ਗੁਰਦੀਪ ਸਿੰਘ ੫੦/-, ਸ.ਸੁਰਿੰਦਰ ਸਿੰਘ ੫੦/-, ਸ.ਸੁਰਜੰਤ ਸਿੰਘ ੧੦੦/-, # ੪੩੬/੧=੫੦/-, ਸ.ਰੁਪਿੰਦਰ ਸਿੰਘ ੫੦੦/-, ਸ.ਅਜੀਤ ਸਿੰਘ ੫੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਜਰਜਿੰਦਰ ਸਿੰਘ ੧੦੦/-, ਸ.ਸੁਖਮਿੰਦਰ ਸਿੰਘ ੧੦੦/-, ਸ.ਜੋਗਿੰਦਰ ਸਿੰਘ ੧੦੦/-, ਸ.ਹਰਸਰਨ ਸਿੰਘ ੧੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਬੀਬੀ ਗਿਆਨ ਕੌਰ ੨੦੦/-, ਸ.ਤਰਲੋਚਨ ਸਿੰਘ ੫੦੦/-, ਗੁਪਤ ੧੦੦੦/-, ਸ.ਮਾਨ ਸਿੰਘ ੧੦੦/-, ਸ.ਦਵਿੰਦਰ ਸਿੰਘ ੧੦੦/-, ਸ.ਕ੍ਰਿਪਾਲ ਸਿੰਘ ੧੦੦/-, ਸ.ਹਰਭਜਨ ਸਿੰਘ ੧੦੦/-, ਬੀਬੀ ਤ੍ਰਿਪਤ ਕੌਰ ੩੦੦/-, ਸ.ਬਲਦੇਵ ਸਿੰਘ ੧੦੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਜਗਜੀਤ ਸਿੰਘ ੧੦੦/-, ਬੀਬੀ ਅੰਮ੍ਰਿਤ ਕੌਰ ੧੦੦੦/-, ਸ.ਇੰਦਰਜੀਤ ਸਿੰਘ ੧੦੦/-,

# ੮੦੪/੪=੫੦/-, ਸ.ਅਵਤਾਰ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਅਵਤਾਰ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਕਰਮ ਸਿੰਘ ੧੦੦/-, ਬੀਬੀ ਕੈਲਾਸ ਕੌਰ ੧੦੦/-, ਜੈਮ ਪਬਲਿਕ ਸਕੂਲ ੩੦੦/-, ਬੀਬੀ ਸੁਰਜੀਤ ਕੌਰ ੧੦੦/-, ਬੀਬੀ ਰਜਮਨਦੀਪ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਅਕਾਲ ਓਪਟੀਕਲ ੧੦੦/-, ਐਡਵਾਂਸ ਇਲੈਕਟ੍ਰੀਕਲ ੧੦੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਸ.ਤਾਰਾ ਸਿੰਘ ੧੦੦/-, ਗੁਪਤ ੨੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਜਤਿੰਦਰ ਸਿੰਘ ੫੦੦/-, ਸ.ਕਰਮ ਸਿੰਘ ੫੦/-, ਸ੍ਵਰਗਵਾਸੀ ਮਨਮੋਹਨ ਸਿੰਘ ੫੦੦/-, ਸ.ਅਮਰਜੀਤ ਸਿੰਘ ੧੦੦/-, ਸ.ਰਾਜਵੰਤ ਸਿੰਘ ੨੦੦/-, ਡਾ.ਅਤਰ ਸਿੰਘ ੫੦੦/-, ਗੁਪਤ ੧੦੦/-, ਸ੍ਰੀ.ਨਾਰੰਗ ੨੦/-, ਗੁਪਤ ੧੦੦/-, ਸ.ਤਾਰੂ ਸਿੰਘ ੧੦੦/-, ਬੀਬੀ ਹਰਿੰਦਰ ਕੌਰ ੧੦੦/-, ਸ.ਸੁਖਪਾਲ ਸਿੰਘ ੧੦੦/-, ਕੋਠੀ ਨੰ.੮੩੪, ਸੈਕਟਰ ੭੦=੧੦੦/-, ਸ.ਹਾਕਮ ਸਿੰਘ ੨੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਚਰਨਜੀਤ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਹਰਕੀਰਤ ਸਿੰਘ ੧੦੦/-, ਸ੍ਰੀ.ਜੀ.ਐਸ.ਭੱਲਾ ੧੦੦੦/-, ਸ.ਭਾਗ ਸਿੰਘ ੫੦/-, ਸ.ਗੁਰਨਾਮ ਸਿੰਘ ੪੦/-, ਸ.ਜਗਜੀਤ ਸਿੰਘ ੫੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਰਾਜਿੰਦਰ ਸਿੰਘ ੨੦੦/-, ਗੁਪਤ ੧੦੦/-, ਸ.ਗੁਰਵਿੰਦਰ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੫੦/-, ਸ.ਭੁਪਿੰਦਰ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਬੀਬੀ ਕੁਲਜੀਤ ਕੌਰ ੫੦/-, ਸ.ਮਨਦੀਪ ਸਿੰਘ ੧੦੦/-, ਸ.ਸੁਖਦੇਵ ਸਿੰਘ ੧੦੦/-, ਸ੍ਰੀ.ਕੇ.ਪੀ.ਐਸ. ੧੦੦/-, ਸ.ਗੁਰਵਿੰਦਰਪਾਲ ਸਿੰਘ ੨੦੦/-, ਸ.ਸਰਬਜੀਤ ਸਿੰਘ ੧੦੦/-, ਸ.ਬਲਦੇਵ ਸਿੰਘ ੨੦/-, ਸ.ਰਣਬੀਰ ਸਿੰਘ ੨੦੦/-, ਸ.ਰਣਜੀਤ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਜਸਵਿੰਦਰ ਸਿੰਘ ੧੦੦/-, ਸ੍ਵਰਗਵਾਸੀ ਸੁਰਜੀਤ ਸਿੰਘ ੨੦੦/-, ਸ.ਪੁਸ਼ਪਿੰਦਰ ਸਿੰਘ ੧੦੦/-, ਸ.ਰਵਿੰਦਰ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਸੁਰਜੀਤ ਸਿੰਘ ੧੦੦੦/-, ਸ.ਨਿਰਮਲ ਸਿੰਘ ੨੦੦/-, ਗੁਪਤ ੧੦੦/-, ਸ.ਅਵਤਾਰ ਸਿੰਘ ੧੦੦/-, ਸ.ਸੁਖਦੇਵ ਸਿੰਘ ੫੦/-, ਸ.ਗੁਰਨਾਮ ਸਿੰਘ ੫੦/-, ਸ.ਪ੍ਰਭਜੋਤ ਸਿੰਘ ੫੦/-, ਸ.ਲੈਂਬਰ ਸਿੰਘ ੨੦/-, ਸ.ਭੁਪਿੰਦਰ ਸਿੰਘ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਭੁਪਿੰਦਰ ਸਿੰਘ ੧੦੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੫੦/-, ਸ੍ਰੀ.ਕੇ.ਐਸ.ਓਪਲ ੨੦/-, ਸ.ਬਲਬੀਰ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਜਗਤਾਰ ਸਿੰਘ ੧੦੦/-, ਸ.ਗੁਰਮੇਲ ਸਿੰਘ ੫੦/-, # ੪੩੪, ਫੇਜ ੨= ੧੦੦/-, ਸ.ਗੁਰਚਰਨ ਸਿੰਘ ੨੦/-, ਗੁਪਤ ੧੦੦/-, ਸ.ਮਨਮੋਹਨ ਸਿੰਘ ੫੦/-, ਸ.ਹਰਬੰਸ ਸਿੰਘ ੫੦/-, ਬਾਬਾ ਜੀ ੧੦੦/-, ਬੀਬੀ ਸੁਰਜੀਤ ਕੌਰ, ਸ.ਜਤਿੰਦਰ ਸਿੰਘ ੫੦/-, ਸ.ਹਰਭਜਨ ਸਿੰਘ ੨੦/-, ਸ.ਰਣਧੀਰ ਸਿੰਘ ੧੦੦/-, ਡਾ.ਅਮਨਦੀਪ ਸਿੰਘ ੫੦/-, ਸ.ਇੰਦਰਜੀਤ ਸਿੰਘ ੧੦੦/-, ਸ.ਪਰਦੁਮਨ ਸਿੰਘ ੫੦/-, ਗੁਪਤ ੫੦/-, ਬੀਬੀ ਸੁਰਜੀਤ ਕੌਰ ੧੦੦/-, ਸ.ਕੁਲਵਿੰਦਰ ਸਿੰਘ ੧੦੦/-, ਸ.ਹਰਤੇਜ ਸਿੰਘ ੧੦੦/-, ਬੀਬੀ ਮਨਜੀਤ ਕੌਰ ੧੦੦/-, ਸ.ਸਵਰਨ ਸਿੰਘ ੧੦੦/-, ਸ.ਵਰਿੰਦਰ ਸਿੰਘ ੨੦/-, ਸ.ਸੋਹਨ ਸਿੰਘ ੧੦੦/-, ਸ.ਅਮਰੀਕ ਸਿੰਘ ੧੦੦/-, ਸ.ਸੰਗਤ ਸਿੰਘ ੨੦/-, ਸ.ਰਾਜਵੰਤ ਸਿੰਘ ੫੦੦/-, ਸ.ਗੁਰਨਾਮ ਸਿੰਘ ੨੦੦/-, ਬੀ.ਕੇ.ਫੈਸ਼ਨ ੧੦੦/-, ਸ.ਪ੍ਰੀਤਮ ਸਿੰਘ ੧੦੦/-, ਬੀਬੀ ਕਮਲਜੀਤ ਕੌਰ ੮੦੦/-, ਬੀਬੀ ਮਨਜੀਤ ਕੌਰ ੧੦੦/-, ਸ.ਗੁਰਮੀਤ ਸਿਮਘ ੧੦੦/-, ਆਰ-੧੫/੭੪=੧੦੦/-, **ਸ.ਹਰਦੀਪ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ** : ਗੁਪਤ ੧੦/-, ਬੀਬੀ ਅਨੂੰਦੀਪ ਕੌਰ ੧੦੦੦/-, ਸ.ਸਰਦੂਲ ਸਿੰਘ ੧੦੦/-, ਸ੍ਰੀ.ਜੀ.ਐਸ.ਓਬਰਾਏ ੫੦/-, ਸ.ਜੋਗਿੰਦਰ ਸਿੰਘ ੧੦੦/-, ਬੀਬੀ ਮਨਜੀਤ ਕੌਰ ੨੦੦/-, ਸ.ਸੁਰਜੀਤ ਸਿੰਘ ੧੦੦/-, ਸ.ਮਨਪ੍ਰੀਤ ਕੌਰ ੧੦੦/-, ਸ.ਲਾਭ ਸਿੰਘ ੨੦੦/-, ਸ.ਨਗੀਨਾ ਸਿੰਘ ੫੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੧੦੦/-, ਸੇਠੀ ਪਰਿਵਾਰ ੧੦੦/-, ਸ.ਸਤਬੀਰ ਸਿੰਘ ੫੦੦/-, ਸ.ਤੇਜਿੰਦਰ ਸਿੰਘ ੫੦/-, ਸ.ਗੁਰਦਿਆਲ ਸਿੰਘ ੫੦/-, ਬੀਬੀ ਮਨਜੀਤ ਕੌਰ ੫੦/-, ਬੀਬੀ ਮਨਜੀਤ ਕੌਰ ੩੧/-, ਸ੍ਰੀ.ਵਾਈ.ਪੀ.ਐਸ.ਆਹਲੂਵਾਲੀਆਂ ੨੦੦/-, ਸ.ਉਜਾਗਰ ਸਿੰਘ ੫੦੦/-, ਸ.ਸਮਸ਼ੇਰ ਸਿੰਘ ੨੦੦/-, ਸ੍ਰੀ.ਐਸ.ਐਸ.ਰੰਧਾਵਾ ੫੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਬੀਬੀ ਗੁਰਦੀਪ ਕੌਰ ੨੦੦/-, ਸ.ਮਨਮੋਹਨ ਸਿੰਘ ੫੦੦/-, ਸਡਾਨਾ ਸਟੋਰ ੧੦/-, ਬੀਬੀ ਹਰਬੰਸ ਕੌਰ ੫੦੦/-, ਸ.ਅਮਰਜੀਤ ਸਿੰਘ ੧੦੦/-, ਸ.ਗੁਰਬਚਨ ਸਿੰਘ ੨੦੦/-, **ਸ.ਮਨਿੰਦਰ ਸਿੰਘ ਰਾਹੀਂ** : ਬੀਬੀ ਦਰਸ਼ਨ ਕੌਰ ੫੦੦/-, ਸ.ਬਲਵੰਤ ਸਿੰਘ ੫੦੦/-, ਲੇਟ ਸ.ਗੁਰਬਖਸ਼ ਸਿੰਘ ੫੦੦/-, ਬੀਬੀ ਰਵਿੰਦਰ ਕੌਰ ੧੦੦/-, ਸ.ਜਸਵੰਤ ਸਿੰਘ ੫੦੦/-, ਸਿੰਘ ਆਟੋ ੧੦੦/-, ਸ.ਅਮਰ ਸਿੰਘ ੫੦੦/-,

## ਖਬਰਾਵਲੀ :

**ਪਾਕਿ 'ਚ ਪਹਿਲੀ ਵਾਰ ਖਰੀਦੀ ਖ਼ਾਲਸਾ ਪੰਥ ਦੇ ਨਾਂਅ ਤੇ ੩.੫ ਏਕੜ ਜਮੀਨ :** ਅੰਮ੍ਰਿਤਸਰ, ੬ ਨਵੰਬਰ : ਪਾਕਿਸਤਾਨ ਜ਼ਿਲ੍ਹਾ ਜਿਹਲਮ ਵਿਖੇ ਇਤਿਹਾਸਕ ਰੋਹਤਾਸ ਕਿਲ੍ਹੇ ਦੇ ਅੰਦਰ ਮੌਜੂਦ ਪਹਿਲੀ ਪਾਤਸ਼ਾਹੀ ਨਾਲ ਸੰਬੰਧਿਤ ਯਾਦਗਾਰ ਗੁਰਦੁਆਰਾ ਚੋਆ ਸਾਹਿਬ ਦੀ ਸੁੰਦਰੀਕਰਨ ਅਤੇ ਨਵਉਸਾਰੀ ਮੁਕੰਮਲ ਕਰਵਾਉਣ ਵਾਲੀ ਮਨਟੀਕ, ਕੈਲੀਫੋਰਨੀਆ (ਯੂ.ਐਸ.ਏ.) ਆਧਾਰਿਤ ਸੰਸਥਾ ਰਣਜੀਤ ਨਗਾਰਾ ਵਲੋਂ ਜਲਦੀ ਕਿਲ੍ਹੇ 'ਚ ਮੌਜੂਦ ਗੁਰਦੁਆਰਾ ਜਨਮ ਅਸਥਾਨ ਮਾਤਾ ਸਾਹਿਬ ਕੌਰ ਜੀ ਨੂੰ ਵਿਸ਼ਾਲ ਰੂਪ ਦਿੱਤੇ ਜਾਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਕਤ ਜਥੇਬੰਦੀ ਨੇ ਦੇਸ਼ ਦੀ ਵੰਡ ਦੇ ਬਾਅਦ ਪਹਿਲੀ ਵਾਰ ਪਾਕਿ 'ਚ ਖਾਲਸਾ ਪੰਥ ਦੇ ਨਾਂਅ ਤੇ ੩.੫ ਏਕੜ ਜ਼ਮੀਨ ਖਰੀਦੀ ਹੈ। ਜਿਸ ਤੇ ਰਣਜੀਤ ਨਗਾਰਾ ਸਮੇਤ ਕਿਸੇ ਵੀ ਹੋਰ ਜਥੇਬੰਦੀ ਜਾਂ ਸਰਕਾਰੀ ਅਦਾਰੇ ਦਾ ਖ਼ਾਲਸਾ ਪੰਥ ਦੇ ਇਲਾਵਾ ਅਧਿਕਾਰ ਨਹੀਂ ਹੋਵੇਗਾ।

**ਯੂਬਾ ਸਿਟੀ 'ਚ ਵਿਸ਼ਾਲ ਨਗਰ ਕੀਰਤਨ :** ਸੈਕਰਾਮੈਂਟੋ, ੬ ਨਵੰਬਰ : ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਸ਼ਹਿਰ ਯੂਬਾ ਸਿਟੀ ਕੈਲੀਫੋਰਨੀਆਂ 'ਚ ੪੪ਵੇਂ ਵਿਸ਼ਾਲ ਨਗਰ ਕੀਰਤਨ ਅਤੇ ਧਾਰਮਿਕ ਦੀਵਾਨ ਸਜਾਏ ਗਏ। ਧਾਰਮਿਕ ਸਮਾਗਮ ਲਗਪਗ ਇੱਕ ਹਫਤੇ ਤੋਂ ਸ਼ੁਰੂ ਹੋਏ ਸਨ ਤੇ ਨਗਰ ਕੀਰਤਨ ਨਾਲ ਸਮਾਪਤ ਹੋ ਗਏ। ਦੀਵਾਨ ਵਿੱਚ ਭਾਈ ਰਵਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿਮਰਨਜੀਤ ਸਿੰਘ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਭਾਈ ਹਰਪਾਲ ਸਿੰਘ ਕਥਾਵਾਚਕ ਫਤਹਿਗੜ੍ਹ ਸਾਹਿਬ ਵਾਲੇ, ਭਾਈ ਮਹਿਲ ਸਿੰਘ ਕਵੀਸ਼ਰ ਜਥਾ ਚੰਡੀਗੜ੍ਹ ਵਾਲੇ, ਭਾਈ ਸੁਖਵਿੰਦਰ ਸਿੰਘ ਅਨਮੋਲ ਢਾਡੀ ਜਥਾ, ਭਾਈ ਬਿਕਰਮ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਅਤੇ ਭਾਈ ਉਮੇਸ਼ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

## ਸੰਸਥਾ ਦੇ ਕਾਰਜਾਂ ਲਈ ਅਕਤੂਬਰ 2023 ਵਿੱਚ ਆਨਲਾਇਨ ਆਈ ਸਹਾਇਤਾ

**ਆਨ ਲਾਇਨ : ਸ.ਵਿਸਮੀਤ ਸਿੰਘ ੨੧੦੦-, ਸ.ਤਲਵਿੰਦਰ ਸਿੰਘ ੧੦੦੦/-, ਸ.ਜੁਗਰਾਜ ਸਿੰਘ ੫੦੦/-, ਸ.ਲਾਜਵੰਤ ਸਿੰਘ ੨੦੦/-, ਸ.ਤਲਵਿੰਦਰ ਸਿੰਘ ੫੦੦/- , ਸ.ਰਣਜੀਤ ਸਿੰਘ ੧੦੧/-, ਸ.ਸ਼ਰਨਜੀਤ ਸਿਘ ੧੬੦੦/-, ਗੁਪਤ ੧੦੦+੧੦੦/-, ਸ.ਅਮਨਦੀਪ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦੦/-, ਸ.ਗੁਰਬੀਰ ਸਿੰਘ ੫੦੦/- , ਬੀਬੀ ਜੋਗਿੰਦਰ ਕੌਰ ੧੦੦੦/-, ਸ੍ਰੀ.ਐਮ.ਐਸ.ਖੇਲ ੩੭੦/-, ਸ.ਹਰਮੀਤ ਸਿੰਘ ੩੦੦/-, ਸ.ਸੁਰਿੰਦਰ ਸਿੰਘ ੨੧੦੦/-, ਸ.ਇੰਦਰਪਾਲ ਸਿੰਘ ੧੦੦੦/-, ਬੀਬੀ ਪ੍ਰਵੀਨ ਕੌਰ ੧੦੦/-, ਸ.ਹਰਦਿਆਲ ਸਿੰਘ ਜੋਲੀ ੧੦੦੧/-,**

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

(ਅੰਗ-੧੧੦੮)

## ਮਹੀਨਾ ਪੋਹ

**ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥ ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥**

ਪੋਹ ਦੇ ਮਹੀਨੇ ਵਿੱਚ ਬੜੀ ਸਖਤ ਸਰਦੀ ਪੈਂਦੀ ਹੈ। ਕੋਰਾ ਪੈਂਦਾ ਹੈ ਜੋ ਬਨ ਦੇ ਘਾਹ ਫੁਸ ਨੂੰ ਸੁਕਾ ਦਿੰਦਾ ਹੈ, ਵੱਧਣ-ਫੁੱਲਣ ਨਹੀਂ ਦਿੰਦਾ। ਇਸ ਤਰ੍ਹਾਂ ਮੇਰਾ ਮਨ ਵੀ ਸੁੱਕਾ ਹੈ ਆਪ ਦੇ ਦਰਸ਼ਨਾਂ ਤੋਂ ਬਿਨਾਂ। ਹੇ ਪ੍ਰਭੂ ਜੀ ਆਪ ਮੇਰੇ ਹਿਰਦੇ ਵਿੱਚ ਕਿਉਂ ਨਹੀਂ ਆਉਂਦੇ, ਤੁਸੀਂ ਮੇਰੇ ਮਨ ਵਿੱਚ, ਤਨ ਵਿੱਚ ਅਤੇ ਰਸਨਾ ਉੱਤੇ ਕਿਉਂ ਨਹੀਂ ਵਸਦੇ।

ਜਗਤ-ਪਿਤਾ ਪਰਮਾਤਮਾ ਹਰੇਕ ਮਨ, ਤਨ ਵਿੱਚ ਰਮਿਆ ਹੋਇਆ ਹੈ। ਉਸ ਦੀ ਹੋਂਦ ਦਾ ਅਨੰਦ ਗੁਰੂ ਦੇ ਸ਼ਬਦ ਦੁਆਰਾ ਮਾਣਿਆ ਜਾ ਸਕਦਾ ਹੈ। ਅੰਡਜ (ਆਂਡਿਆਂ ਤੋਂ) ਜੇਰਜ (ਜ਼ੇਰ ਤੋਂ), ਸੇਤਜ (ਸ੍ਵੈ ਤੋਂ) ਤੇ ਉਤਭੁਜ (ਬਨਸਪਤੀ) ਇਨ੍ਹਾਂ ਚਾਰਾਂ ਖਾਣੀਆਂ ਵਿਚੋਂ ਪੈਦਾ ਹੋਣ ਵਾਲੇ ਸਭ ਜੀਵਾਂ ਦੇ ਹਿਰਦਿਆਂ ਵਿੱਚ ਉਸੇ ਦੀ ਜੋਤ ਸਮਾਈ ਹੋਈ ਹੈ।

ਹੇ ! ਦਇਆ ਦੇ ਦਾਤੇ, ਦਇਆਵਾਨ, ਮੈਨੂੰ ਦਰਸ਼ਨ ਦੇਹੁ ਜੀ ਅਤੇ ਐਸੀ ਮਤਿ ਬਖਸ਼ੋ ਜਿਸ ਨਾਲ ਆਤਮਿਕ ਗਤੀ ਪਾ ਸਕਾਂ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜੋ ਮਨੁੱਖ ਪਰਮਾਤਮਾ ਦੇ ਰੰਗ ਵਿੱਚ ਰੰਗਿਆ ਰਹਿੰਦਾ ਹੈ, ਪ੍ਰੇਮ ਦਾ ਰਸ ਮਾਣਦਾ ਹੈ, ਉਸ ਦਾ ਵਾਹਿਗੁਰੂ ਜੀ ਨਾਲ ਪ੍ਰੇਮ ਬਣਿਆ ਰਹਿੰਦਾ ਹੈ।